**ਤਹਿਰਾਨ (ਈਰਾਨ) :-** ਗੁਰੂ ਜੀ ਸੰਗਤ ਸਮੇਤ ਈਰਾਨ ਵਿੱਚ **ਇਲਨ, ਖੋਰਾਮਾਬਾਦ, ਕੇਰਮਾਨਸ਼ਾਹ, ਬੋਰੂਜਰਦ, ਆਰਾਕ, ਮਾਲਾਯਾਰ, ਹਮਾਦਾਨ, ਸੀਵਨ, ਕਿਯੂਮ** ਆਦਿ ਸ਼ਹਿਰਾਂ ਵਿੱਚ ਅਲਾਹੀ ਬਚਨ ਕਰਦਿਆਂ 880 ਕਿ. ਮੀ. ਚਲ ਕੇ ਈਰਾਨ ਦੀ ਰਾਜਧਾਨੀ ਤਹਿਰਾਨ ਪਹੁੰਚ ਗਏ। ਈਰਾਨ ਵਿੱਚ ਬਹੁਤੇ ਲੋਕ ਸ਼ੀਆ ਫਿਰਕੇ ਦੇ ਹਨ, ਉਹ ਅਲਾਹੀ ਕੀਰਤਨ ਸੁਣ ਕੇ ਅਤੇ ਗੁਰੂ ਜੀ ਦੀ ਦਿੱਖ ਤੋਂ ਬਹੁਤ ਪ੍ਰਭਾਵਿਤ ਹੋ ਕੇ ਪੁਛਿਆ, "ਤੁਸੀਂ ਕਿਸ ਮੱਤ ਦੇ ਹੋ।" ਗੁਰੂ ਜੀ ਨੇ ਕਿਹਾ,



11ਵੀਂ ਸਦੀ ਵਿੱਚ ਹੋਂਦ ਵਿੱਚ ਆਇਆ ਸ਼ਹਿਰ

**"ਮੈਂ ਖੁਦਾ ਦਾ ਬੰਦਾ ਹਾਂ, ਬੰਦਗੀ ਕਰਨਾ ਮੇਰਾ ਕੰਮ ਹੈ।"** ਉਨ੍ਹਾਂ ਨੇ ਦੁਬਾਰਾ ਪੁੱਛਿਆ, "ਕੀ ਤੁਸੀਂ ਹਜ਼ਰਤ ਰਸੂਲ, ਅੱਲਾ, ਮੁਹੰਮਦ ਸਾਹਿਬ ਅਰਥਾਤ ਹਜ਼ਰਤ ਅਲੀ ਤੇ ਈਮਾਨ ਰਖਦੇ ਹੋ?" ਗੁਰੂਦੇਵ ਜੀ ਨੇ ਕਿਹਾ, **"ਹਜ਼ਰਤ ਮੁਹੰਮਦ ਤਾਂ ਇਕ ਪੈਗੰਬਰ ਸਨ, ਪੈਗੰਬਰ ਦਾ ਅਰਥ ਹੈ ਕਿ ਖੁਦਾ ਦਾ ਸੰਦੇਸ਼ ਜਨਤਾ ਤੱਕ ਪਹੁੰਚਾਉਣ ਵਾਲਾ ਵਿਅਕਤੀ। ਅਸਲ ਵਿੱਚ ਅਜਿਹੇ ਮਸੀਹੇ ਦੁਆਰਾ ਲਿਆਂਦਾ ਗਿਆ 'ਸੰਦੇਸ਼' ਮਹੱਤਵ ਰੱਖਦਾ ਹੈ, ਨਾ ਕਿ ਮਸੀਹਾ।** ਇਸ ਲਈ ਅਸੀਂ ਵੀ ਪ੍ਰਭੂ ਦੇ ਸੰਦੇਸ਼ ਦਾ ਪੂਰਨ ਰੂਪ ਨਾਲ ਪਾਲਣ ਕਰਕੇ ਅੱਲਾ ਦੇ ਫੁਰਮਾਨ ਅਨੁਸਾਰ ਜੀਵਨ ਬਤੀਤ ਕਰਦੇ ਹੋਏ ਹਰ ਪਲ ਉਸ ਦੀ ਆਰਾਧਨਾ ਵਿੱਚ ਲੀਨ ਰਹਿੰਦੇ ਹਾਂ।" ਇਸ ਪ੍ਰਥਾਏ ਗੁਰੂ ਜੀ ਨੇ ਇਹ ਰੱਬੀ ਬਾਣੀ ਉਚਾਰਨ ਕੀਤੀ:-

"ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥" **(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- 13)**

ਗੁਰੂ ਜੀ ਨੇ ਇਸ ਸ਼ਬਦ ਦੇ ਅੱਖਰੀ ਅਤੇ ਭਾਵ ਅਰਥ ਵੀ ਸਭ ਨੂੰ ਉਨ੍ਹਾਂ ਦੀ ਭਾਸ਼ਾ ਵਿੱਚ ਸਮਝਾਏ।

ਉਥੋਂ ਦੇ **ਪੀਰ ਅਬਦੁੱਲ ਰਹਿਮਾਨ ਨਾਲ** ਵਿਚਾਰ ਗੋਸ਼ਟੀ ਕਰਦਿਆਂ ਗੁਰੂ ਜੀ ਨੇ ਕਿਹਾ, **"ਖੁਦਾ ਦਾ ਨੂਰ ਸਾਰੇ ਪ੍ਰਾਣੀਆਂ ਵਿੱਚ ਹੈ। ਇਸੇ ਤਰ੍ਹਾਂ ਉਸ ਦਾ ਨੂਰ ਪੈਗੰਬਰਾਂ ਵਿੱਚ ਵੀ ਹੈ, ਇਸ ਲਈ ਸਾਰੇ ਪੈਗੰਬਰ ਬਰਾਬਰ ਹਨ।"**

ਇਹ ਸੁਣ ਕੇ ਪੀਰ ਜੀ ਨੇ ਆਪਣੇ ਚੇਲਿਆਂ ਨੂੰ ਦਸਿਆ, "ਨਾਨਕ ਜੀ ਅਲਮਸਤ ਫਕੀਰ ਹਨ। ਤੁਸੀਂ ਇਨ੍ਹਾਂ ਨਾਲ ਬਹਿਸ ਨਾ ਕਰੋ। ਇਹ ਜੋ ਕਹਿੰਦੇ ਹਨ ਸਭ ਸੱਚ ਹੈ, ਕਿਉਂਕਿ ਇਹ ਅੱਲਾ ਦੀ ਇਬਾਦਤ ਕਰਦਿਆਂ ਅੱਲਾ ਹੀ ਹੋ ਗਏ ਹਨ। ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਨਦੀਆਂ ਸਾਗਰ ਵਿੱਚ ਸਮਾ ਜਾਂਦੀਆਂ ਹਨ, ਉਨ੍ਹਾਂ ਦੀ ਹੋਂਦ ਖਤਮ ਹੋ ਜਾਂਦੀ ਹਨ। ਹੁਣ ਇਨ੍ਹਾਂ ਦੀ ਵੀ ਆਪਣੀ ਹੋਂਦ ਕੋਈ ਨਹੀਂ, ਜਿਸ ਦੀ ਇਹ ਪਹਿਚਾਣ ਕਰਵਾਉਣ।"


ਇਹ ਵਿਖਿਆਨ ਸੁਣ ਕੇ ਸਾਰੇ ਚੇਲੇ ਸ਼ਾਂਤ ਹੋ ਗਏ ਅਤੇ ਸਾਰੇ ਪ੍ਰਸੰਨ ਚਿੱਤ ਇਕ ਰੱਬ ਦੀ ਇਬਾਦਤ ਕਰਨ ਲਗ ਪਏ।



Guru Ji explaining oneness of God

**ਮਸ਼ਹਦ ਸ਼ਹਿਰ (ਈਰਾਨ) :-** ਗੁਰੂ ਜੀ ਸਾਥੀਆਂ ਨਾਲ **ਸੇਮਨਾਮ, ਕੇਸ਼ਾਹਮ, ਇਸਫਾਹਾਨ, ਅਰਦਾਕਨ, ਯਾਜ਼ਾਦ, ਯਾਰੰਦ, ਕੇਰਮਾਨ, ਬੀਰਜੰਡ, ਗੋਨਾਬਾਦ, ਤੋਰਬਾਟੋਏ, ਹੈਦਰੀਏ, ਸਬਜੇਵਰ** ਆਦਿ ਸ਼ਹਿਰਾਂ ਵਿੱਚ ਅਲਾਹੀ ਬਚਨ ਕਰਦਿਆਂ 1000 ਕਿ. ਮੀ. ਉਪਲਭਧ ਸਵਾਰੀਆਂ ਰਾਹੀਂ ਚੱਲ ਕੇ ਮਸ਼ਹਦ ਸ਼ਹਿਰ ਪਹੁੰਚੇ। ਉਥੇ ਸ਼ੀਆ ਸਮੁਦਾਇ ਦੇ **ਪੀਰ ਖਲੀਫਾ ਹਾਰੁਨ ਅੱਲ ਰਸੀਦ** ਦੀ ਯਾਦ ਵਿੱਚ **'ਸਲਾਨਾ ਉਰਸ'** (ਮੇਲਾ) ਚਲ ਰਿਹਾ ਸੀ।



8ਵੀਂ ਸਦੀ ਵਿੱਚ ਸਾਨਾਬਾਦ ਨਾਮ ਨਾਲ ਵੱਸਿਆ ਸ਼ਹਿਰ

ਪੀਰ ਜੀ ਦੇ ਉੱਤਰ ਅਧਿਕਾਰੀ ਨੇ ਆਪ ਜੀ ਨੂੰ ਤਰ੍ਹਾਂ-ਤਰ੍ਹਾਂ ਦੇ ਪ੍ਰਸ਼ਨ ਕੀਤੇ। ਉਸ ਦਾ ਮੁੱਖ ਪ੍ਰਸ਼ਨ ਸੀ, "ਤੁਹਾਨੂੰ ਹਜ਼ਰਤ ਮੁਹੰਮਦ ਸਾਹਿਬ ਅਤੇ ਅਲੀ ਵਿੱਚ ਕੀ ਫਰਕ ਦਿਖਾਈ ਦੇਂਦਾ ਹੈ?" ਗੁਰੁਦੇਵ ਨੇ ਕਿਹਾ, **"ਸ਼ਸਤਰ ਵਿੱਦਿਆ ਅਤੇ ਵੀਰਤਾ ਦੀ ਦ੍ਰਿਸ਼ਟੀ ਤੋਂ ਅਲੀ ਸਾਹਿਬ ਵੱਡੇ ਹਨ ਅਤੇ ਅਧਿਆਤਮਿਕ ਗਿਆਨ ਅਤੇ ਵਿਦਵਤਾ ਪੱਖੋਂ ਮੁਹੰਮਦ ਸਾਹਿਬ ਵੱਡੇ ਹਨ। ਪ੍ਰੰਤੂ ਆਤਮਿਕ ਸੂਝ-ਬੂਝ ਪੱਖੋਂ ਦੋਵੇਂ ਬਰਾਬਰ ਹਨ।"** ਗੁਰੂ ਜੀ ਨੇ ਇਸ ਅਲਾਹੀ ਬਾਣੀ ਦਾ ਗਾਇਨ ਕੀਤਾ।

"ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥ ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥ ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ॥੧॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੧੪੧

ਇਸ ਸ਼ਬਦ ਦੇ ਭਾਵ ਅਰਥ ਸਮਝ ਕੇ ਸਾਰੀ ਸੰਗਤ ਦੀ ਬੇ-ਚੈਨੀ ਮੁੱਕ ਗਈ। ਗੁਰੂ ਜੀ ਉਥੋਂ ਅੱਗੇ ਤੁਰ ਪਏ।

**ਦੁਸ਼ਟ-ਏ-ਆਬ (ਪਾਣੀ ਚੋਰਾਂ ਦਾ ਪਿੰਡ)/ਨਵਾਂ ਨਾਮ ਜ਼ਾਹਿਦਾਨ (ਰੱਬ ਦੇ ਬੰਦਿਆਂ ਦਾ ਪਿੰਡ), ਈਰਾਨ :-** ਇਹ ਪਿੰਡ **ਸਿਲਕ ਰੋਡ,** ਈਰਾਨ ਵਿੱਚ ਵਸਿਆਂ ਹੋਇਆ ਹੈ। ਪੁਰਾਤਨ ਸਮਿਆਂ ਵਿੱਚ ਵਪਾਰੀ ਲੋਕ ਇਸ ਪਿੰਡ ਵਿੱਚ ਆਰਾਮ ਕਰਨ ਲਈ ਠਹਿਰ ਜਾਂਦੇ ਸਨ। ਸਥਾਨਕ ਲੋਕ ਉਨ੍ਹਾਂ ਦਾ ਪੀਣ ਵਾਲਾ ਪਾਣੀ ਚੋਰੀ ਕਰ ਲਿਆ ਕਰਦੇ ਸਨ। ਜਿਸ ਕਰਕੇ ਇਸ ਨਗਰ ਦਾ ਨਾਮ, **'ਪਾਣੀ ਚੋਰਾਂ ਦਾ ਪਿੰਡ'** ਮਸ਼ਹੂਰ ਹੋ ਗਿਆ। ਪ੍ਰੰਤੂ ਸਮਾਂ ਪਾ ਕੇ **ਇਸ ਪਿੰਡ ਵਿਚ ਸਿੱਖ ਸਮੁਦਾਏ ਦੇ ਲੋਕ ਵੱਸ ਗਏ।** ਨਾਨਕ ਸ਼ਾਹੀ ਪ੍ਰਨਾਲੀ ਤੇ ਚਲਦਿਆਂ ਸਿੱਖ ਵਸਨੀਕ ਇੱਥੇ ਠਹਿਰਨ ਵਾਲੇ ਵਪਾਰੀਆਂ ਦੀ ਖੂਬ ਸੇਵਾ ਸੰਭਾਲ ਕਰਿਆ ਕਰਦੇ ਸਨ। ਇਕ ਵਾਰ ਉੱਥੋਂ ਦਾ **ਬਾਦਸ਼ਾਹ ਰਜ਼ਾ ਪਹਿਲਵੀ** (1930-1980) ਉਸ ਪਿੰਡ ਵਿੱਚ ਠਹਿਰਿਆ। ਉਸ ਨੇ ਸਿੱਖ ਸੰਗਤ ਵਲੋਂ ਕੀਤੀ ਸੇਵਾ ਭਾਵਨਾ ਨੂੰ ਮੁੱਖ ਰਖਦਿਆਂ ਇਸ ਨਗਰ ਦਾ ਨਾਮ ਦੁਸ਼ਟ-ਏ-ਆਬ ਤੋਂ ਬਦਲ ਕੇ, **ਜ਼ਾਹਿਦਾਨ ਅਰਥਾਤ ਰਬ ਦੇ ਬੰਦਿਆਂ ਦਾ ਪਿੰਡ** ਰੱਖ ਦਿਤਾ।



Gurdwara Sahib, at Sikh Habitated Village- Zahidan, Iran



Sikh habitants of a village named Zahidan in Iran (located at the Silk Road)




**ਬੁਖਾਰਾ (ਉਜ਼ਬੇਕਿਸਤਾਨ) :-** ਗੁਰੂ ਜੀ ਸਾਥੀਆਂ ਨਾਲ **ਤੁਰਕਮੇਨਿਸਤਾਨ** ਦੇ ਸ਼ਹਿਰਾਂ **ਸਾਰਾਹਜ਼, ਮੈਰੀਅਸ਼ਗਾਬਤ, ਬੇਰਾਮਲੀ, ਉਕਾਲੀ, ਤੁਰਕਮੇਨਾਬਤ** ਆਦਿ ਵਿੱਚ ਅਲਾਹੀ ਬਚਨ ਕਰਦਿਆਂ **ਆਹਮੂ ਦਰਿਆ** ਪਾਰ ਕਰਕੇ, 800 ਕਿ. ਮੀ. ਚੱਲ ਕੇ ਉਜ਼ਬੇਕਿਸਤਾਨ ਵਿੱਚ ਪ੍ਰਵੇਸ਼ ਕਰਕੇ ਬੁਖਾਰਾ ਪਹੁੰਚੇ। ਇਹ ਨਗਰ **ਜਰਾਵਾਸਨ ਦਰਿਆ** ਦੇ ਕੰਢੇ ਵਸਿਆ ਹੋਇਆ ਹੈ।



ਗੁਰੂ ਜੀ ਨੇ ਅਲਾਹੀ ਕੀਰਤਨ ਆਰੰਭ ਕਰ ਦਿੱਤਾ। ਉਥੋਂ ਦੇ ਬੋਧੀ ਅਤੇ ਇਸਲਾਮਿਕ ਲੋਕ ਕੀਰਤਨ ਸਰਵਨ ਕਰਨ ਲਈ ਆ ਬੈਠੇ ਉਹ ਗੁਰੂ ਜੀ ਦੇ ਪ੍ਰਵਚਨ ਬਹੁਤ ਧਿਆਨ ਨਾਲ ਸੁਣਨ ਲਗੇ। ਉਸ ਸਮੇਂ ਗੁਰੂ ਜੀ ਨੇ ਇਹ ਅਲਾਹੀ ਬਾਣੀ ਉਚਾਰਨ ਕੀਤੀ।

"ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥ ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥
ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥੧॥ ਬਾਬਾ ਅਲਹੁ ਅਗਮ ਅਪਾਰੁ ॥
ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰੁ ॥੧॥ ਰਹਾਉ ॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੫੩

ਇਸ ਸ਼ਬਦ ਦੀ ਵਿਆਖਿਆ ਸੁਣ ਕੇ ਸਾਰੀ ਸੰਗਤ ਸਤੁੰਸ਼ਟ ਹੋ ਗਈ।

ਉੱਥੋਂ ਦੇ ਕਿਸਾਨਾਂ ਨੇ ਆਪ ਜੀ ਨੂੰ ਬੇਨਤੀ ਕੀਤੀ, **"ਹੇ ਵਲੀ-ਏ-ਹਿੰਦ!** ਅੱਲਾ ਦੀ ਦਰਗਾਹ ਵਿੱਚ ਬੇਨਤੀ ਕਰੋ ਕਿ ਹੋਵੇ, ਕਾਫੀ ਦਿਨਾਂ ਤੋਂ ਸੋਕਾ ਪਿਆ ਹੋਇਆ ਹੈ।" ਗੁਰੁਦੇਵ ਜੀ ਨੇ ਤਦ ਸਮੂਹ ਕਿਸਾਨਾਂ ਨੂੰ ਪ੍ਰਭੂ ਦੇ ਸਨਮੁੱਖ ਅਰਦਾਸ ਕਰਨ ਲਈ ਕਿਹਾ। ਕਿਸਾਨਾਂ ਨੇ ਗੁਰੁਦੇਵ ਜੀ ਦੇ ਆਦੇਸ਼ ਅਨੁਸਾਰ ਇਕੱਠੇ ਹੋ ਕੇ ਪ੍ਰਾਰਥਨਾ ਕੀਤੀ। **ਅਰਦਾਸ ਸੰਪੂਰਨ ਹੋਣ ਦੇ ਕੁਝ ਹੀ ਸਮੇਂ ਬਾਅਦ ਵਰਖਾ ਸ਼ੁਰੂ ਹੋ ਗਈ।** ਸਾਰੇ ਕਿਸਾਨ ਹਰਿਜੱਸ ਗਾਉਂਦੇ ਹੋਏ ਗੁਰੂ ਜੀ ਦਾ ਧੰਨਵਾਦ ਕਰਕੇ ਖੁਸ਼ੀਆਂ ਮਨਾਉਣ ਲੱਗੇ।

ਬੁਖਾਰਾ ਵਿੱਚ ਇਕ **ਅਫਜ਼ਲ ਕਾਦਰੀ ਨਾਮ ਦਾ ਫਕੀਰ ਸੀ।** ਜੋ ਆਪਣੇ ਚਸ਼ਮੇ ਦਾ ਪਾਣੀ ਲੋਕਾਂ ਨੂੰ ਪੀਣ ਵਾਸਤੇ ਨਹੀਂ ਦਿੰਦਾ ਸੀ। ਕਰਤੇ ਦੀ ਕ੍ਰਿਪਾ ਸਦਕਾ ਨੇੜੇ ਹੀ ਖੁਦਾਈ ਕਰਨ ਨਾਲ ਨਵਾਂ ਚਸ਼ਮਾ ਫੁੱਟ ਪਿਆ। ਸਾਰੇ ਲੋਕ ਬੜੇ ਖੁਸ਼ ਹੋਏ ਅਤੇ ਗੁਰੂ ਜੀ ਦਾ ਧੰਨਵਾਦ ਕੀਤਾ।

ਉਥੇ ਇਕ ਧਰਮਸਾਲਾ ਵੀ ਬਣਵਾਈ ਗਈ। ਜਿਸ ਨੂੰ 1858 A.D. ਵਿੱਚ ਗੁਰਦੁਆਰੇ ਦੀ ਸ਼ਕਲ ਦੇ ਕੇ ਸਿੱਖ ਸੰਗਤ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ।

ਗੁਰੂ ਜੀ ਉੱਥੇ ਕਾਫੀ ਦਿਨ ਰਹਿ ਕੇ ਅਗਲੇ ਪੜਾਅ ਲਈ ਚੱਲ ਪਏ।

**ਵਕੰਦ ਸ਼ਹਿਰ (ਉਜ਼ਬੇਕਿਸਤਾਨ) :-** ਗੁਰੂ ਜੀ ਸਾਥੀਆਂ ਨਾਲ **12** ਕਿ. ਮੀ. ਚੱਲ ਕੇ ਵਕੰਦ ਸ਼ਹਿਰ ਵਿੱਚ ਜਾ ਪਹੁੰਚੇ। ਇਥੇ ਆਪ ਜੀ ਦਾ ਪੀਰ ਬਹਾਉਦੀਨ ਨੇ ਭਰਵਾਂ ਸਵਾਗਤ ਕੀਤਾ। ਵਿਚਾਰ ਵਟਾਂਦਰੇ ਉਪ੍ਰੰਤ ਉਹ ਆਪ ਜੀ ਦਾ ਸਿੱਖ ਬਣ ਗਿਆ। **ਗੁਰੂ ਜੀ ਨੇ ਉਸ ਨੂੰ ਇਕ ਵਿਸ਼ੇਸ਼ ਚੋਲਾ, ਉੱਨ ਦੀ ਬਣੀ ਟੋਪੀ (ਸੇਲ੍ਹੀ ਟੋਪੀ) ਭੇਟ ਕੀਤੇ। ਜੋ ਅੱਜ ਵੀ ਪੀਰ ਬਹਾਉਦੀਨ ਦੇ ਸਕੂਲ ਦੇ ਅਧਿਆਪਕ ਇਹ ਖਾਸ ਪੋਸ਼ਾਕ ਪਾਉਂਦੇ ਹਨ ਅਤੇ ਉਹ ਆਪਣੀ ਭਾਸ਼ਾ ਵਿੱਚ ਨਿਤਾਪ੍ਰਤੀ ਜਪੁਜੀ ਸਾਹਿਬ ਜੀ ਦਾ ਪਾਠ ਵੀ ਕਰਦੇ ਹਨ। ਉਹ ਗੁਰੂ ਜੀ ਨੂੰ ਬਹਿਰ-ਏ-ਤਾਵੀਲ (ਧਾਰਮਿਕ ਰਹਿਬਰ) ਮਾਨੰਦੇ ਹਨ।**



**ਬਰੋਨਜ਼ ਯੁਗ ਵਿੱਚ ਵੱਸਿਆ ਸ਼ਹਿਰ**

ਪੀਰ ਬਹਾਉਦੀਨ ਦੇ ਮਕਬਰੇ ਦੇ ਕੋਲ ਗੁਰੂ ਜੀ ਦੀ ਯਾਦ ਵਿੱਚ ਇਕ **'ਚਸ਼ਮਾ'** ਵੀ ਚੱਲ ਰਿਹਾ ਹੈ। ਕੋਲ ਹੀ ਗੁਰੂ ਜੀ ਦੀ ਲਾਠੀ ਗੱਡਨ ਨਾਲ ਇਕ ਹਰਿਆ-ਭਰਿਆ ਦਰਖ਼ਤ ਵੀ ਹੈ। ਜਿਸ ਨੂੰ ਪਿੰਕ ਰੰਗ ਦੇ ਸੁਗੰਧੀ ਭਰੇ ਫੁੱਲ ਲਗਦੇ ਹਨ। ਇੱਥੋਂ ਦੇ ਲੋਕ ਗੁਰੂ ਜੀ ਨੂੰ **'ਗੁਰੂ ਨਾਨਕ ਵਲੀ ਹਿੰਦ'** ਦੇ ਨਾਮ ਨਾਲ ਯਾਦ ਕਰਦੇ ਨਹੀਂ ਥੱਕਦੇ ਅਤੇ ਉਨ੍ਹਾਂ ਦੇ ਮੂਲ ਸਿਧਾਂਤ, **"ਕਿਰਤ ਕਰੋ ਵੰਡ ਛਕੋ ਨਾਮ ਜਪੋ" ਤੇ ਪਹਿਰਾ ਦਿੰਦੇ ਹਨ। ਇਹ ਸਾਰੇ ਕਾਰਜ ਕਰਨ ਲਈ ਗੁਰੂ ਜੀ ਵਕੰਦ ਵਿੱਚ ਕਾਫੀ ਸਮਾਂ ਠਹਿਰੇ।**

**ਕਾਰਸ਼ੀ (ਉਜ਼ਬੇਕਿਸਤਾਨ):-** ਗੁਰੂ ਜੀ ਸਾਥੀਆਂ ਨਾਲ ਵਕੰਦ ਤੋਂ ਕਾਰਮਾਈਨ ਵਿੱਚ ਅਲਾਹੀ ਬਚਨ ਕਰਦੇ ਹੋਏ 250 ਕਿ. ਮੀ. ਚੱਲ ਕੇ ਕਾਰਸ਼ੀ ਪਹੁੰਚੇ। ਇਸ ਸ਼ਹਿਰ ਦੇ ਦੱਖਣ ਵਿੱਚ ਨਾਨਕ ਕਲੰਦਰ ਦੇ ਨਾਮ ਤੇ ਗੁਰੂ ਜੀ ਦੀ ਯਾਦ ਵਿੱਚ ਅਸਥਾਨ ਬਣਿਆ ਹੋਇਆ ਹੈ। ਗੁਰੂ ਜੀ ਇੱਥੇ ਵੀ ਕਾਫੀ ਸਮਾਂ ਠਹਿਰੇ।




7ਵੀਂ-8ਵੀਂ ਸਦੀ ਬੀ.ਸੀ.ਈ. ਵਿੱਚ ਵੱਸਿਆ ਸ਼ਹਿਰ

**ਸਮਰਕੰਦ (ਉਜ਼ਬੇਕਿਸਤਾਨ) :-** ਸ੍ਰੀ ਗੁਰੂ ਨਾਨਕ ਦੇਵ ਜੀ ਕਾਰਸ਼ੀ ਤੋਂ 150 ਕਿ. ਮੀ. ਚੱਲ ਕੇ ਸਮਰਕੰਦ ਵਿੱਚ ਆਣ ਠਹਿਰੇ। ਇੱਥੇ ਵੀ ਲੋਕਾਂ ਵਿੱਚ ਧਰਮ ਦੇ ਨਾਂ ਤੇ ਬਹੁਤ ਭਰਮ ਭੁਲੇਖੇ ਪਏ ਹੋਏ ਸਨ। ਜਿਸ ਕਾਰਨ ਜਨਤਾ ਵਿੱਚ ਆਪਸੀ ਪ੍ਰੇਮ-ਪਿਆਰ ਦੀ ਥਾਂ ਨਫਰਤ ਪੈਦਾ ਹੋ ਰਹੀ ਸੀ। ਗੁਰੂ ਜੀ ਨੇ ਅਜਿਹੇ ਲੋਕਾਂ ਪ੍ਰਤੀ ਇਹ ਅਲਾਹੀ ਬਾਣੀ ਉਚਾਰਨ ਕਰਕੇ ਭਾਵ ਅਰਥ ਵੀ ਸਮਝਾਏ।



ਚੌਥੀ ਸਦੀ ਬੀ.ਸੀ.ਈ. ਵਿੱਚ ਵੱਸਿਆ ਸ਼ਹਿਰ

"ਜਗੁ ਬੰਦੀ ਮੁਕਤੇ ਹਉ ਮਾਰੀ ॥ ਜਗਿ ਗਿਆਨੀ ਵਿਰਲਾ ਆਚਾਰੀ ॥ ਜਗਿ ਪੰਡਿਤੁ ਵਿਰਲਾ ਵੀਚਾਰੀ ॥ ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ ॥੬॥ ਜਗੁ ਦੁਖੀਆ ਸੁਖੀਆ ਜਨੁ ਕੋਇ ॥ ਜਗੁ ਰੋਗੀ ਭੋਗੀ ਗੁਣ ਰੋਇ ॥ ਜਗੁ ਉਪਜੈ ਬਿਨਸੈ ਪਤਿ ਖੋਇ ॥ ਗੁਰਮੁਖਿ ਹੋਵੈ ਬੂਝੈ ਸੋਇ ॥੭॥"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੪੧੩

ਸੰਗਤਾਂ ਨੇ ਆਪ ਜੀ ਦੀ ਉਦਾਰ ਨੀਤੀ ਦਾ ਸੁਆਗਤ ਕੀਤਾ। ਪਰ ਤਾਕਤ ਦੇ ਨਸ਼ੇ ਵਿੱਚ ਆਏ ਮੌਲਵੀ, ਗੁਰੂ ਜੀ ਨਾਲ ਗੁੱਸੇ ਰਹਿਣ ਲੱਗੇ ਕਿਉਂਕਿ ਉਹ ਗਿਆਨਵਾਨ ਅਤੇ ਅਜਿਹੇ ਅਧਿਆਤਮਿਕ ਲੋਕਾਂ ਨੂੰ, ਆਪਣੀ ਠੱਗੀ ਠੋਰੀ ਚਲਦੀ ਰੱਖਣ ਲਈ, ਪੂਰਨ ਰੂਪ ਵਿੱਚ ਖਤਮ ਕਰਨਾ ਚਾਹੁੰਦੇ ਸਨ। ਪ੍ਰੰਤੂ ਗੁਰੁਦੇਵ ਦੇ ਸਰਵਹਿਤਕਾਰੀ ਅਤੇ ਅਲਾਹੀ ਸਿਧਾਂਤਾਂ ਸਾਹਮਣੇ ਟਿਕ ਨਾ ਸਕੇ। ਉੱਥੇ ਨਾਨਕ ਕਲੰਦਰ ਦੇ ਨਾਮ ਤੇ ਧਰਮਸਾਲਾ ਬਨਾਈ ਗਈ (ਕਲੰਦਰ ਭਾਵ 'ਤਿਆਗੀ ਪੁਰਸ਼)

## ਸਬਾਜ਼ (ਉਜ਼ਬੇਕਿਸਤਾਨ)

ਸ੍ਰੀ ਗੁਰੂ ਨਾਨਕ ਦੇਵ ਜੀ ਸਮਰਕੰਦ ਤੋਂ ਜਜ਼ਾਖ ਵਿੱਚੋਂ ਦੀ ਹੋ ਕੇ **ਸਬਾਜ਼** (ਕੋਹ ਕਾਫ), ਪਰੀਆਂ ਦੇ ਦੇਸ਼ ਵਿੱਚ ਵੀ ਕੁਝ ਦਿਨ ਠਹਿਰੇ। ਇੱਥੋਂ ਦੇ ਲੋਕ ਪਰੀਆਂ ਦੀ ਪੂਜਾ ਕਰਦੇ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਇਸ ਰੁਝਾਨ ਤੋਂ ਰੋਕਿਆ ਅਤੇ ਇਕ ਰੱਬ (੧ੴ) ਦੀ ਆਰਾਧਨਾ ਦਾ ਪਾਠ ਪੜ੍ਹਾਇਆ। **ਇਸ ਥਾਂ ਤੇ ਗੁਰੂ ਜੀ ਦੀ ਯਾਦ ਵਿੱਚ ਉਨ੍ਹਾਂ ਦੀ ਡੰਗੋਰੀ ਸੰਭਾਲੀ ਹੋਈ ਹੈ। ਜਿਸ ਨੂੰ ਉਹ ਲੋਕ ਨਾਨਕ ਕਲੰਦਰ ਦੀ ਡੰਗੋਰੀ ਕਹਿ ਕੇ ਪੂਜਦੇ ਹਨ।**

**ਤਾਸ਼ਕੰਦ (ਉਜ਼ਬੇਕਿਸਤਾਨ) :-** ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਚਾਰ ਕਰਦਿਆਂ 250 ਕਿ. ਮੀ. ਚੱਲ ਕੇ ਉੱਥੋਂ ਦੀ ਰਾਜਧਾਨੀ **'ਤਾਸ਼ਕੰਦ'** ਜਾ ਪਹੁੰਚੇ। ਉੱਥੇ ਬਹੁਤ ਲੋਕ ਆਪ ਜੀ ਦੇ ਦਰਸ਼ਨਾਂ ਨੂੰ ਆਏ, ਗੁਰੂ ਜੀ ਨੇ ਸਮੂਹ ਸੰਗਤ ਨੂੰ ਪਵਿੱਤਰ ਜੀਵਨ ਬਤੀਤ ਕਰਨ ਲਈ ਅਤੇ ਸਤਿਸੰਗ ਕਰਨ ਦੀ ਪ੍ਰੇਰਣਾ ਕੀਤੀ। ਇਕ ਜਗਿਆਸੂ ਨੇ ਗੁਰੂ ਜੀ ਨੂੰ ਪੁੱਛਿਆ ਕਿ ਪ੍ਰਭੂ ਭਗਤਾਂ ਦੇ ਦਰਸ਼ਨ ਅਤੇ ਸਤਿਸੰਗ ਵਿੱਚ ਜਾਣ ਦਾ ਕੀ ਮਹੱਤਵ ਹੈ? ਇਸ ਪ੍ਰਥਾਏ ਗੁਰੂਦੇਵ ਨੇ ਇਹ ਅਲਾਹੀ ਸ਼ਬਦ ਉਚਾਰਨ ਕੀਤਾ:-



**ਪੱਥਰ ਯੁਗ ਵਿੱਚ ਵੱਸਿਆ ਸ਼ਹਿਰ**

"ਐ ਜੀ ਸਦਾ ਦਇਆਲੁ ਦਇਆ ਕਰਿ ਰਵਿਆ ਗੁਰਮਤਿ ਭ੍ਰਮਨਿ ਚੁਕਾਈ॥
ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ॥੬॥
ਹਰ ਜਲ ਨਿਰਮਲੁ ਮਨੁ ਇਸਨਾਨੀ ਮਜਨੁ ਸਤਿਗੁਰ ਭਾਈ॥
ਪੁਨਰਪਿ ਜਨਮੁ ਨਾਹੀ ਜਨ ਸੰਗਤਿ ਜੋਤੀ ਜੋਤਿ ਮਿਲਾਈ॥੭॥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੫੦੫

ਜਿਸ ਤਰ੍ਹਾਂ ਸਾਧਾਰਨ ਧਾਤ, ਪਾਰਸ ਪੱਥਰ ਦੀ ਛੋਹ ਨਾਲ ਸੋਨਾ ਬਣ ਜਾਂਦੀ ਹੈ, ਠੀਕ ਉਸੇ ਤਰ੍ਹਾਂ ਨਾਸਤਿਕ ਵਿਅਕਤੀ ਸਤਿਸੰਗ ਵਿੱਚ ਜਾਣ ਨਾਲ ਆਸਤਿਕ ਬਣ ਕੇ ਵਿਵੇਕਸ਼ੀਲ ਅਤੇ ਚਰਿੱਤਰਵਾਨ ਮਨੁੱਖ ਬਣ ਜਾਂਦਾ ਹੈ। ਸੰਗਤ ਵਿੱਚ ਹਰਿ ਜੱਸ ਕਰਨ ਤੇ ਸੁਣਨ ਨਾਲ ਆਵਾਗਵਣ ਦਾ ਚੱਕਰ ਸਮਾਪਤ ਹੋ ਜਾਂਦਾ ਹੈ। ਪ੍ਰਾਣੀ ਪ੍ਰਭੂ ਚਰਨਾਂ ਵਿੱਚ ਸਮਾ ਜਾਂਦਾ ਹੈ। ਇਸ ਕਥਨ ਉਪ੍ਰੰਤ ਸਮੂਹ ਸੰਗਤ ਦੀ ਨਿਸ਼ਾ (ਤਸੱਲੀ) ਹੋ ਗਈ।

**ਇਸ ਸਥਾਨ ਤੇ ਗੁਰੂ ਜੀ ਸਤਿਸੰਗ (ਧਰਮਸਾਲਾ) ਦੀ ਸਥਾਪਨਾ ਕਰਵਾ ਕੇ ਅੱਗੇ ਚੱਲ ਪਏ।**



**State Museum**

**ਪੰਜ ਸਾਂਭਾ (ਉਜ਼ਬੇਕਿਸਤਾਨ) :-** ਸ੍ਰੀ ਗੁਰੂ ਨਾਨਕ ਦੇਵ ਜੀ ਤਾਸ਼ਕੰਦ ਤੋਂ ਵਾਪਸ ਆ ਕੇ ਪੰਜ ਸਾਂਭਾ ਵਿੱਚ ਕੁਝ ਦਿਨ ਠਹਿਰੇ। ਇੱਥੋਂ ਦੇ ਲੋਕ ਵੀ ਹੂਰਾਂ (ਸੁੰਦਰ ਔਰਤਾਂ) ਅਤੇ ਸੁੰਦਰ ਜਵਾਨਾ ਅਰਥਾਤ ਸੁਹਪੱਣ ਦੀ ਤਾਰੀਫ ਕਰਦੇ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਇਸ ਰੁਝਾਨ ਤੋਂ ਵਰਜਿਆ ਅਤੇ ਇਕ ਪਰਮਾਤਮਾ ਦੇ ਲੜ ਲਾਇਆ। ਉਪ੍ਰੰਤ **ਨਗਰ ਪਹਾੜੀ ਉੱਪਰ ਇਕ ਚਸ਼ਮਾ ਵੀ** ਪਰਗਟ ਕੀਤਾ। ਉੱਥੋਂ ਦੇ ਲੋਕ ਵੀ ਆਪ ਜੀ ਨੂੰ **'ਪੀਰ ਵਲੀ ਹਿੰਦ'** ਜਾਂ **ਨਾਨਕ ਕਲੰਦਰ** ਕਰਕੇ ਯਾਦ ਕਰਦੇ ਹਨ। ਉਹ **'ਵਲੀ ਹਿੰਦ'** ਤੋਂ ਬਿਨਾਂ ਕਿਸੇ ਹੋਰ ਰੱਬ ਨੂੰ ਨਹੀਂ ਮੰਨਦੇ। ਗੁਰੂ ਜੀ ਇੱਥੋਂ **ਫਰਗੋਨਾ ਵਿੱਚ** ਰੁਕ ਕੇ ਅਫਗਾਨਿਸਤਾਨ ਵਿੱਚ ਆ ਪਹੁੰਚੇ।






**ਗੁਰੂਦੇਵ ਜੀ ਅਫਗਾਨਿਸਤਾਨ ਵਿੱਚ :-** (1) **ਬਲਖ :** ਸ੍ਰੀ ਗੁਰੂ ਨਾਨਕ ਦੇਵ ਜੀ ਸਾਥੀਆਂ ਨਾਲ ਉਜ਼ਬੇਕਿਸਤਾਨ ਦੀ ਸਰਹੱਦ ਪਾਰ ਕਰਕੇ ਅਫਗਾਨਿਸਤਾਨ ਵਿੱਚ ਬਲਖ ਵਿੱਚ ਪਹੁੰਚ ਗਏ। ਗੁਰੂ ਜੀ ਦੀ ਫੇਰੀ ਸਮੇਂ ਅਫਗਾਨਿਸਤਾਨ ਦਾ ਕੁਝ ਭਾਗ ਖੁਰਾਸਾਨ ਦਾ ਹਿੱਸਾ ਸੀ। ਖੁਰਾਸਾਨ ਦੀਆਂ ਚਾਰ ਰਾਜਧਾਨੀਆਂ ਵਿੱਚੋਂ ਦੋ, ਹੈਰਾਨ ਤੇ ਬਲਖ ਹੁਣ



ਅਫਗਾਨਿਸਤਾਨ ਵਿੱਚ ਹਨ। ਇਸ ਨਗਰ ਨੂੰ ਅੱਜ ਕੱਲ ਵਜ਼ੀਰਾਬਾਦ ਕਹਿੰਦੇ ਹਨ। ਗੁਰੂ ਜੀ ਦੇ ਪਹੁੰਚਣ ਸਮੇਂ ਉੱਥੇ ਸਾਲਾਨ ਮੇਲਾ ਚੱਲ ਰਿਹਾ ਸੀ। ਸਾਰੇ ਧਰਮਾਂ ਦੇ ਲੋਕ ਰਲ ਮਿਲ ਕੇ ਮੇਲਾ ਮਨਾ ਰਹੇ ਸਨ। ਗੁਰੂਦੇਵ ਜੀ ਨੇ ਉੱਥੇ ਇਹ ਅਲਾਹੀ ਬਾਣੀ ਗਾਇਨ ਕੀਤੀ।

ਦੂਜੀ ਸਦੀ ਬੀ.ਸੀ. ਦੇ ਸਿੱਕੇ ਮਿਲਦੇ ਹਨ।

"ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥ ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ॥
ਕੋਈ ਸਹਜਿ ਜਾਣੈ ਹਰਿ ਪਛਾਣੈ ਸਤਿਗੁਰੁ ਜਿਨਿ ਚੇਤਿਆ॥ ਬਿਨੁ ਨਾਮ ਹਰਿ ਕੇ ਭਰਮਿ ਭੂਲੇ ਪਚਹਿ ਮੁਗਧ ਅਚੇਤਿਆ ॥
ਹਰਿ ਨਾਮੁ ਭਗਤਿ ਨ ਰਿਦੈ ਸਾਚਾ ਸੇ ਅੰਤਿ ਧਾਹੀ ਰੁੰਨਿਆ॥ ਸਚੁ ਕਹੈ ਨਾਨਕੁ ਸਬਦਿ ਸਾਚੈ ਮੇਲਿ ਚਿਰੀ ਵਿਛੁੰਨਿਆ ॥੪॥੧॥੫॥"

ਸ੍ਰੀ ਗੁਰੁ ਗ੍ਰੰਥ ਸਾਹਿਬ ਜੀ, ਅੰਗ- ੪੩੯

**ਗੁਰੂ ਜੀ ਨੇ ਲੋਕਾਂ ਨੂੰ ਭਰਾਤਰੀ ਪ੍ਰੇਮ ਅਤੇ ਆਪਸੀ ਸ਼ਾਂਝ ਬਨਾਈ ਰੱਖਣ ਦਾ ਉਪਦੇਸ਼ ਦਿੱਤਾ।**

2. **ਗੁਰੂ ਜੀ** ਬਲਖ ਤੋਂ ਅਕਚਾਹ ਆ ਗਏ। ਇਹ ਸ਼ਹਿਰ, ਮਜ਼ਾਰ-ਏ-ਸ਼ੀਫ ਤੋਂ 100 ਕਿ: ਮੀ: ਤੇ **ਕਰਕੀਬੰਦਰ** ਤੋਂ ਇਕ ਦਿਨ ਦਾ ਸਫਰ ਹੈ। ਇੱਥੇ **ਦੀ ਧਰਮਸਾਲਾ** ਜੋ ਗੁਰੂ ਜੀ ਦੀ ਫੇਰੀ ਦਾ ਸਬੂਤ ਹੈ। **ਇੱਥੇ ਦੇ ਖਾਨ ਸਾਹਿਬ ਨੇ ਗਿਆਰਾਂ ਬਿਘੇ ਜ਼ਮੀਨ ਇਸ ਧਰਮਸਾਲਾ ਦੇ ਨਾਮ ਕਰਵਾਈ ਹੋਈ ਹੈ। ਇਥੇ ਹਰਰੋਜ਼ ਅਲਾਹੀ ਕੀਰਤਨ ਹੁੰਦਾ ਹੈ।**

3. **ਗੁਰੂ ਜੀ** ਅਕਚਾਹ ਤੋਂ ਮਜ਼ਾਰ-ਏ-ਸ਼੍ਰੀਫ ਪਹੁੰਚੇ, ਸ਼ਹਿਰ ਦੇ ਵਿਚਕਾਰ **'ਹਜ਼ਰਤ ਅਲੀ'** ਦਾ ਮਕਬਰਾ ਹੈ। ਉੱਥੇ ਗੁਰੂ ਜੀ ਦੀ ਯਾਦ ਵਿੱਚ **ਗੁਰੂ ਨਾਨਕ ਚਸ਼ਮਾ ਵੀ ਹੈ।** ਪ੍ਰੰਤੂ ਉੱਥੇ ਕੋਈ ਸੇਵਾਦਾਰ ਨਹੀਂ ਹੈ। ਇਕ ਦੰਦ ਕਥਾ ਪ੍ਰਚਲਤ ਹੈ ਕਿ ਉੱਥੇ ਇਕ ਵੱਡੀ ਦੇਗ਼ (ਵੱਡਾ ਬਰਤਨ) ਪਈ ਹੈ। ਗੁਰੂ ਜੀ ਨੇ ਉਸ ਦੇਗ਼ ਵਿੱਚ ਚਾਵਲ ਬਣਵਾਏ। ਤਿੰਨ ਦਿਨ ਚਾਵਲਾਂ ਦਾ ਲੰਗਰ ਚਲਦਾ ਰਿਹਾ। ਪਰ ਉਸ ਦੇਗ਼ ਵਿੱਚੋਂ ਚਾਵਲ ਨਹੀਂ ਮੁੱਕੇ। ਗੁਰੂ ਜੀ ਦੇ ਉੱਥੋਂ ਤੁਰਨ ਉਪ੍ਰੰਤ ਚਾਵਲ ਵੀ ਮੁੱਕ ਗਏ।

4. **ਗੁਰੂ ਜੀ** ਤਾਸ਼ਕੁਰਗਨ (Tashkurgan) ਆ ਗਏ**: ਨਵਾਂ ਨਾਮ** Kholm, ਇਹ ਸ਼ਹਿਰ ਮਜ਼ਾਰੇ ਸ਼੍ਰੀਫ ਤੋਂ 30 ਕਿ: ਮੀਟਰ ਤੇ ਹੈ। ਇੱਥੇ ਇਕ ਅਰੋੜੇ ਸਿੱਖ ਵਲੋਂ **ਧਰਮਸਾਲ ਦੀ ਦੇਖ ਭਾਲ** ਕੀਤੀ ਜਾਂਦੀ ਸੀ। ਉੱਥੇ ਅੱਜਕਲ੍ਹ ਕੁਝ ਵੀ ਨਹੀਂ ਹੈ।

5. ਹਜ਼ਰਤੇ ਸੁਲਤਾਨ **:** ਇਹ ਸ਼ਹਿਰ, ਤਾਸ਼ਕੁਰਗਨ ਤੋਂ 30 ਕਿ: ਮੀਟਰ ਤੇ ਹੈ। ਇੱਥੇ ਵੀ ਗੁਰੂ ਜੀ ਦੇ ਨਾਮ ਦੀ **ਬਾਬਾ ਨਾਨਕ ਧਰਮਸਾਲਾ ਬਣੀ ਹੋਈ ਹੈ।** ਰਾਤ ਦਿਨ ਕੀਰਤਨ ਹੁੰਦਾ ਸੀ। ਅੱਜ ਕੋਈ ਜਾਣਕਾਰੀ ਨਹੀਂ ਹੈ।

6. ਕੇਸ਼ੰਦੇਹ (Keshendeh)**:** ਹਜ਼ਰਤੇ ਸੁਲਤਾਨ ਤੋਂ 30 ਕਿ: ਮੀਟਰ ਦੀ ਦੂਰੀ ਤੇ ਹੈ। ਇੱਥੇ **ਮੁਹੰਮਦ ਸਾਹਿਬ ਦੀ ਵੱਡੀ ਗੁਫਾ ਹੈ।** ਜਿਸ ਦੇ ਅੰਦਰ ਜਾਣ ਨਾਲ ਚਿੱਟੇ ਕੱਪੜੇ ਨੀਲੇ ਦਿੱਸਦੇ ਹਨ ਅਤੇ ਬਾਹਰ ਆਕੇ ਫਿਰ ਚਿੱਟੇ ਹੋ ਜਾਂਦੇ ਹਨ। ਲੋਕਾਂ ਦੀ ਬੇਨਤੀ ਤੇ ਗੁਰੂ ਜੀ ਨੇ ਗੁਫਾ ਦੇ ਕੋਲ ਖੁਦਾਈ ਕਰਵਾਈ ਤਾਂ ਉੱਥੋਂ **ਮਿੱਠੇ ਪਾਣੀ ਦਾ ਚਸ਼ਮਾਂ ਫੁੱਟ ਪਿਆ।** ਇਹ **'ਨਾਨਕ ਫਕੀਰ ਦਾ ਚਸ਼ਮਾ'** ਅਖਵਾਉਂਦਾ ਹੈ। ਹੇਠਲੀ ਧਰਾਤਲ ਦੀ ਬਣਤਰ ਇਸ ਤਰਾਂ ਦੀ ਹੈ ਇਸ ਚਸ਼ਮੇ ਦੇ ਪਾਣੀ ਦਾ ਪਧਰ, ਪਾਣੀ ਕਢੀ ਜਾਣ ਤੇ ਵੀ ਇਕ ਸਾਰ ਹੀ ਰਹਿੰਦਾ ਹੈ। ਲੋਕ ਗੁਰੂ ਜੀ ਨੂੰ ਸਦਾ ਯਾਦ ਕਰਦੇ ਹਨ।

7. ਮਾਇਮਾਨ (Maymaneh)**:** ਇਹ ਸ਼ਹਿਰ ਤੁਰਕਮੇਨਿਸਤਾਨ ਦੀ ਹੱਦ ਦੇ ਨੇੜੇ ਹੈ। ਗੁਰਦੇਵ ਜੀ ਕੇਸ਼ੰਦੇਹ ਤੋਂ ਕੋਹਿਸਤਾਨ ਵਿੱਚਦੀ ਹੋ ਕੇ ਮਾਇਮਾਨ ਪਹੁੰਚੇ। ਇੱਥੇ ਇਕ, **ਅਰਜਨ ਮੁਨੀ ਨਾਮਕ ਉਦਾਸੀ ਨੇ ਗੁਰੂ ਜੀ ਦੇ ਨਾਮ ਦੀ ਧਰਮਸਾਲਾ ਬਣਵਾਈ ,** ਪਰ ਹੁਣ ਉਸ ਦਾ ਕੋਈ ਨਿਸ਼ਾਨ ਬਾਕੀ ਨਹੀਂ ਹੈ। ਪ੍ਰੰਤੂ ਲੋਕ ਅੱਜ ਵੀ ਗੁਰੂ ਜੀ ਨੂੰ ਯਾਦ ਕਰਦੇ ਹਨ।

8. ਬਾਮੀਆਂ ( Bamyan)**:** ਗੁਰੂ ਜੀ ਮਾਇਮਾਨ ਤੋਂ ਚੱਲ ਕੇ **ਅਲਮਾਰ ਤੇ ਸੇਘਨ** ਵਿੱਚ ਰੁਕ ਕੇ ਬਾਮੀਆਂ ਪਹੁੰਚੇ। ਇਹ ਸ਼ਹਿਰ ਸੈਂਟ੍ਰਲ ਅਫਗਾਨਿਸਤਾਨ ਦੀ Bamyan ਵੈਲੀ ਵਿੱਚ ਹੈ। ਇਸ ਥਾਂ ਤੇ **ਬਾਮੀਆਂ ਰਾਕਸ਼ਸੀ ਦਾ 108 ਫੁਟ ਉੱਚਾ**

**ਬੁੱਤ ਲੱਗਾ** ਹੋਇਆ ਹੈ। ਕਿਹਾ ਜਾਂਦਾ ਹੈ ਕਿ ਪਾਂਡਵ ਭਰਾ **'ਭੀਮ'** ਨੇ ਇਸ ਰਾਖਸ਼ਸੀ ਨੂੰ ਹਰਾਇਆ ਅਤੇ ਉਸ ਨਾਲ ਵਿਆਹ ਵੀ ਰਚਾਇਆ। ਇੱਥੇ ਦੋ ਹੋਰ ਬੁੱਤ, ਮਹਾਤਮਾ ਬੁੱਧ 53 ਮੀਟਰ ਅਤੇ ਸ਼ਾਹਮਾਮਾ (**Shahmama**) 35 ਮੀਟਰ ਉੱਚੇ ਵੀ ਸੁਸ਼ੋਭਤ ਹਨ। **ਉੱਥੇ ਪਹਾੜੀ ਦੀ ਚੋਟੀ ਤੇ ਇਕ ਚਸ਼ਮਾ ਹੈ ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਪ੍ਰਗਟ ਕੀਤਾ ਸੀ ਜੋ Spring of Baba Nanak ਅਖਵਾਉਂਦਾ ਹੈ।ਉੱਥੋਂ ਦੇ ਲੋਕ ਗੁਰੂ ਜੀ ਨੂੰ ਕਦੇ ਨਹੀਂ ਭੁੱਲਦੇ।**

**9. ਕਾਬਲ:** ਗੁਰੂ ਜੀ ਨੇ ਸਾਥੀਆਂ ਸਮੇਤ ਕਾਬਲ ਸ਼ਹਿਰ ਦੇ ਬਾਹਰ ਜਾ ਡੇਰਾ ਲਾਇਆ। ਉੱਥੋਂ ਦੇ ਫਕੀਰਾਂ ਨੇ ਕਿਹਾ, "ਐ ਹਿੰਦੂ ਫਕੀਰ ਤੁਸਾਂ ਮੁਸਲਿਮ ਇਲਾਕੇ ਵਿੱਚ ਬਚ ਕੇ ਰਹਿਣਾ। ਗੁਰੂ ਜੀ ਨੇ ਕਿਹਾ, "ਹਰੇਕ ਮਾਨਵ ਵਿੱਚ ਉਸ ਅੱਲਾ ਦਾ ਨੂਰ ਇੱਕੋ ਜਿਹਾ ਚਮਕ ਰਿਹਾ ਹੈ। ਹਾਲਾਤ ਨੇ ਕਿਸੇ ਨੂੰ ਮੁਸਲਮਾਨ, ਕਿਸੇ ਨੂੰ ਤਿਲਕਧਾਰੀ ਤੇ ਕਿਸੇ ਨੂੰ ਜਨੇਊ ਪਾ ਕੇ ਬ੍ਰਾਹਮਣ ਬਣਾ ਦਿੱਤਾ ਹੈ। ਫਕੀਰ ਇਸ ਵਿਚਾਰ ਤੋਂ ਬਹੁਤ ਪ੍ਰਭਾਵਤ ਹੋਏ।



3500 ਸਾਲ ਪੁਰਾਣਾ ਕਾਬਲ ਦਰਿਆ ਦੇ ਕੰਢੇ ਵੱਸਿਆ ਸ਼ਹਿਰ, ਕਾਬਲ

ਉੱਥੋਂ ਦਾ **ਪੀਰ ਰੌਸ਼ਨ ਜ਼ਮੀਰ** ਆਪ ਜੀ ਦੇ ਦਰਸ਼ਨਾਂ ਨੂੰ ਆਇਆ, ਉਸ ਨੇ ਪੁੱਛਿਆ; **ਸਫਲਤਾ ਦਾ ਰਾਜ਼ ਕੀ ਹੈ?** ਗੁਰੂ ਜੀ ਨੇ ਕਿਹਾ, **"ਮਨ ਤੇ ਕਾਬੂ ਰੱਖਣਾ ਹੀ ਸਫਲਤਾ ਦੀ ਕੁੰਜੀ ਹੈ।"** ਤਦ ਆਪ ਜੀ ਨੇ ਇਹ ਅਲਾਹੀ ਬਾਣੀ ਉਚਾਰਨ ਕੀਤੀ:

"ਹਠੁ ਨਿਗ੍ਰਹੁ ਕਰਿ ਕਾਇਆ ਛੀਜੈ ॥ ਵਰਤੁ ਤਪਨੁ ਕਰਿ ਮਨੁ ਨਹੀ ਭੀਜੈ ॥ ਰਾਮ ਨਾਮ ਸਰਿ ਅਵਰੁ ਨ ਪੂਜੈ॥ ਅੰਗ- ੯੦੫

**ਇਸ ਸ਼ਹਿਰ ਵਿੱਚ ਬਾਬੇ ਕਾ ਥੜਾ ਵੀ ਹੈ। ਬਾਬਾ ਸ੍ਰੀ ਚੰਦ ਜੀ ਨੇ ਇਥੇ ਇਕ ਧਰਮਸਾਲ ਵੀ ਬਨਵਾਈ ਹੈ। ਉਪ੍ਰੰਤ ਡੇਰਾ ਭਾਈ ਗੁਰਦਾਸ ਜੀ, ਡੇਰਾ ਬਾਬਾ ਗੰਜਬਖਸ਼ ਜੀ, ਗੁਰਦੁਆਰਾ ਬਾਬਾ ਗੁਰਬਖ਼ਸ ਸਿੰਘ ਬੇਦੀ, ਗੁਰਦੁਆਰਬਾ ਭਾਈ ਪਿਰਾਨਾ ਜੀ ਸਰਾਇ ਲਾਹੌਰੀਆਂ, ਗੁਰਦੁਆਰਾ ਸ੍ਰੀ ਗੁਰੂ ਹਰਿ ਸਾਹਿਬ ਜੀ, ਮੰਜੀ ਅਸਥਾਨ, ਗੁਰਦੁਆਰਾ ਭਾਈ ਮਨਸਾ ਸਿੰਘ ਜਿਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਿਸ਼ਾਨ ਸੁਸ਼ੋਭਤ ਹੈ।**



ਗੁਰਦੁਆਰਾ ਕਰਤੇ ਪਰਵਾਨ ਸਾਹਿਬ ਕਾਬਲ, (ਅਫਗਾਨਿਸਤਾਨ)

**10.** ਕੁਵਤੇ ਆਸ਼ਰੋ (Kowt-e-Ashro): ਕਾਬਲ ਤੋਂ 25 ਕਿਲੋ ਮੀਟਰ ਦਾ ਸਫਰ ਮੁਕਾ ਕੇ ਗੁਰੂਦੇਵ ਜੀ ਕੁਵਤੇ ਆਸ਼ਰੋ ਪਹੁੰਚੇ। ਇੱਥੇ ਇਕ ਪਹਾੜੀ ਉੱਪਰ **ਇਕ ਫਕੀਰ** ਮੋਨ ਧਾਰ ਕੇ ਧਿਆਨ ਲਗਾਈ ਬੈਠਾ ਹੋਇਆ ਸੀ। ਉਸ ਨੇ ਪ੍ਰਣ ਕੀਤਾ ਹੋਇਆ ਸੀ ਕਿ ਜੇ ਕੋਈ ਰੱਬ ਦਾ ਪਿਆਰਾ ਉਸ ਦਾ ਮੌਨ ਵਰਤ ਖੁਲ੍ਹਵਾ ਦੇਵੇਗਾ ਤਾਂ ਉਹ ਉਸ ਤੇ ਆਪਾ ਵਾਰ ਦੇਵੇਗਾ। ਅਨੇਕਾਂ ਪੀਰ, ਫਕੀਰ, ਸਾਧੂ ਸੰਤ ਉਸ ਦਾ ਮੂੰਹ ਖੁਲ੍ਹਵਾਉਣ ਦੀਆਂ ਕੋਸ਼ਿਸ਼ਾਂ ਕਰਕੇ ਚਲੇ ਗਏ। ਪਰ ਉਹ ਨਹੀਂ ਬੋਲਿਆ ਗੁਰੂ ਪਾਤਸ਼ਾਹ ਜੀ ਨੇ ਉੱਥੇ ਪਹੁੰਚ ਕੇ ਇਹ ਅਲਾਹੀ ਸ਼ਬਦ ਗਾਇਨ ਕੀਤਾ।

ਕਾਚੀ ਗਾਗਰਿ ਦੇਹ ਦੁਹੇਲੀ ਉਪਜੈ ਬਿਨਸੈ ਦੁਖੁ ਪਾਈ ॥ ਇਹੁ ਜਗੁ ਸਾਗਰੁ ਦੁਤਰੁ ਕਿਉ ਤਰੀਐ ਬਿਨੁ ਹਰਿ ਗੁਰ ਪਾਰਿ ਨ ਪਾਈ ॥
ਤੁਝ ਬਿਨੁ ਅਵਰੁ ਨ ਕੋਈ ਮੇਰੇ ਪਿਆਰੇ ਤੁਝ ਬਿਨੁ ਅਵਰੁ ਨ ਕੋਇ ਹਰੇ ॥ ਸਰਬੀ ਰੰਗੀ ਰੂਪੀ ਤੂੰਹੈ ਤਿਸੁ ਬਖਸੇ ਜਿਸੁ ਨਦਰਿ ਕਰੇ ॥੧॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੩੫੫



ਪੁਰਾਤਨ ਮਸਜਿਦ ਅਤੇ ਸ਼ਹਿਰ

ਰਸਭਿੰਨਾ ਕੀਰਤਨ ਸਰਵਨ ਕਰਕੇ ਉਹ ਫਕੀਰ ਇਕ ਦੰਮ ਬੋਲ ਉੱਠਿਆ, **'ਵਾਹ'**! ਉਸ ਦੇ ਨੇਤਰ ਖੁਲ੍ਹੇ ਤਾਂ ਉਹ ਗੁਰੂ ਜੀ ਦੇ ਚਰਣੀ ਢਹਿ ਪਿਆ। ਗੁਰੂ ਜੀ ਉੱਥੋਂ ਤੁਰਨ ਲੱਗੇ ਤਾਂ ਉਸ ਫਕੀਰ ਨੇ ਖਹਿੜਾ ਕੀਤਾ ਕਿ ਆਪ ਜੀ ਫਿਰ ਕਦੋਂ ਦਰਸ਼ਨ ਦਿਓਗੇ। ਗੁਰੂਦੇਵ ਜੀ ਨੇ ਕਿਹਾ ਜਦੋਂ ਤੁਸੀਂ ਯਾਦ ਕਰੋਗੇ ਤਾਂ ਸੁਭਾਵਕ ਹੀ ਅਲਾਹੀ ਸੰਗੀਤ ਦੀਆਂ ਤਰੰਗਾਂ ਤੁਹਾਡੇ ਕੰਨਾਂ ਵਿੱਚ ਗੂੰਜਣ ਲਗਣਗੀਆਂ। ਇਸ ਨਗਰ ਵਿੱਚ ਗੁਰੂ ਜੀ ਦੀ ਯਾਦ ਵਿੱਚ **ਗੁਰਦਵਾਰਾ ਸਾਹਿਬ** ਸਥਾਪਿਤ ਹੈ।

ਉੱਥੇ ਇਕ ਦੰਦ ਕਥਾ ਚਲੀ ਆ ਰਹੀ ਹੈ, "ਪੂਰਨਿਮਾ ਦੀ ਰਾਤ ਵੇਲੇ ਬਹੁਤ ਸ਼ਰਧਾਲੂ ਉੱਥੇ ਇਕੱਠੇ ਹੋ ਜਾਂਦੇ ਸਨ। ਸਾਰਾ ਦਿਨ ਹਨੇਰੀ ਚੱਲਣ ਕਰਕੇ ਰੇਤਾ ਦਾ ਵੱਡਾ ਢੇਰ ਲੱਗ ਜਾਂਦਾ ਸੀ। ਰਾਤ ਸਮੇਂ ਯਾਤਰੀ ਉਸ ਰੇਤਾ ਉੱਪਰ ਹੀ ਸੌਂ ਜਾਂਦੇ ਸਨ। ਤੜਕ ਸਾਰ ਘੋੜਿਆਂ ਦੀਆਂ ਟਾਪਾਂ ਸੁਣਦੀਆਂ ਸਨ ਅਤੇ ਨਾਲ ਹੀ ਸਾਜਾਂ ਦੀ ਝੁਨਕਾਰ ਵੀ ਸੁਣਦੀ। ਸਵੇਰ ਵੇਲੇ ਉਹ ਸਾਰਾ ਰੇਤਾ ਆਪਣੇ ਆਪ ਉੱਥੋਂ ਉੱਡ ਕੇ ਪਹਾੜੀ ਉੱਪਰ ਚਲਾ ਜਾਂਦਾ ਸੀ।"

**ਕੰਧਾਰ (Kandhar) : ਕੁਵਤੇ**: ਆਸ਼ਰੋ ਤੋਂ **ਡੇਮੀਰਦਾਦ, ਨਵੋਰ, ਅਜਰੇਸਤਾਨ, ਗਿਜ਼ਬ, ਓਰੂਜ਼ਗਲ, ਕੋਵਤ, ਕਜ਼ਾਖ਼ੀ ਸ਼ਹਿਰਾਂ** ਵਿੱਚ ਰੁਕਦੇ ਹੋਏ **500** ਕਿ. ਮੀ. ਚੱਲ ਕੇ ਗੁਰੂ ਜੀ ਕੰਧਾਰ ਪਹੁੰਚੇ। ਉਸ ਸਮੇਂ ਉੱਥੋਂ ਦਾ ਬਾਦਸ਼ਾਹ ਪਰਜਾ ਉੱਪਰ ਬੜੇ ਅਤਿਆਚਾਰ ਕਰਦਾ ਸੀ। ਉਹ ਇਕ ਦਿਨ ਮਸੀਤ ਵਿੱਚ ਨਮਾਜ਼ ਪੜ੍ਹਨ ਆਇਆ। ਕੋਲ ਹੀ ਗੁਰੂ ਜੀ ਦਾ ਡੇਰਾ ਸੀ। ਉਸ ਸਮੇਂ ਗੁਰੂ ਜੀ ਇਸ ਅਲਾਹੀ ਸ਼ਬਦ ਦਾ ਗਾਇਨ ਕਰ ਰਹੇ ਸਨ:-



**329 ਬੀ.ਸੀ. ਈ. ਵਿੱਚ ਵੱਸਿਆ ਸ਼ਹਿਰ**

"ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ॥ ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ॥ ਅੰਧੀ ਫੂਕਿ ਮੁਈ ਦੇਵਾਨੀ ॥ ਖਸਮਿ ਮਿਟੀ ਫਿਰਿ ਭਾਨੀ॥ ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ ॥ ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੧੨੮੬

ਗੁਰੂ ਜੀ ਦੇ ਮੁਖਾਰਬਿੰਦ ਤੋਂ ਅਲਾਹੀ ਬਾਣੀ ਦਾ ਗਾਇਣ ਸਰਵਣ ਕਰ ਕੇ ਬਾਦਸ਼ਾਹ ਪਸੀਜ ਗਿਆ ਅਤੇ ਪ੍ਰਸੰਨ ਹੋ ਕੇ ਗੁਰੂ ਜੀ ਨੂੰ ਉਥੇ ਹੋਰ ਠਹਿਰਣ ਲਈ ਬੇਨਤੀ ਕੀਤੀ। **(ਅੱਜ ਤੱਕ ਉੱਥੋਂ ਦੇ ਹਾਕਮ ਅਲਾਹੀ ਸਿਧਾਂਤ ਤੇ ਚਲਦੇ ਆ ਰਹੇ ਹਨ।)**



**ਗੁਰਦੁਆਰਾ ਸਾਹਿਬ, ਕੰਧਾਰ**

ਕੰਧਾਰ ਵਿਖੇ ਹਿੰਦੂ ਤੇ ਸਿੱਖ ਰਲ ਮਿਲ ਕੇ ਰਹਿੰਦੇ ਹਨ। **ਪੰਜ ਧਰਮਸਾਲਾ ਗੁਰੂ ਜੀ ਦੀ ਯਾਦ ਵਜੋਂ ਬਣੀਆਂ ਹੋਈਆਂ ਹਨ। ਇਹ ਧਰਮਸਾਲਾ ਬਾਬਾ ਜਸਪਤ ਜੀ ਨੇ ਬਣਵਾਈਆਂ। ਸੁਥਰਿਆਂ ਦੀ ਧਰਮਸਾਲਾ** ਵਿੱਚ, ਭਾਈ ਬੰਨੋ ਵਾਲੀ ਹਸਤ ਲਿਖਤ ਬੀੜ (**'ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ'**) ਵੀ ਸੰਭਾਲੀ ਹੋਈ ਹੈ। **ਵੱਡੀ ਧਰਮਸਾਲਾ, ਸ਼ਿਕਾਰਪੁਰੀ ਬਾਜ਼ਾਰ** ਵਿੱਚ ਹੈ। ਜਿਸ ਨੂੰ **ਬਾਬਾ ਸ਼੍ਰੀ ਚੰਦ ਜੀ ਦੀ ਚਰਣ ਛੋਹ** ਪ੍ਰਾਪਤ ਹੈ। ਇੱਥੇ ਦੋ **ਹਸਤ ਲਿਖਿਤ ਬੀੜਾਂ ਸੁਸ਼ੋਭਿਤ ਹਨ।**
ਉਥੇ ਇਕ ਫਕੀਰ, **'ਯਾਰ ਅਲੀ ਖਾਨ,'** ਲੰਮੀ ਉਮਰ ਦਾ ਇਛੁੱਕ ਸੀ। ਗੁਰਦੇਵ ਜੀ ਨੇ ਉਸ ਨੂੰ ਇਹ ਅਲਾਹੀ ਸ਼ਬਦ ਸੁਣਾਇਆ।

ਬਹੁਤਾ ਜੀਵਣੁ ਮੰਗੀਐ ਮੁਆ ਨ ਲੋੜੈ ਕੋਇ॥ ਸੁਖ ਜੀਵਣੁ ਤਿਸੁ ਆਖੀਐ ਜਿਸੁ ਗੁਰਮੁਖਿ ਵਸਿਆ ਸੋਇ॥
ਨਾਮ ਵਿਹੂਣੇ ਕਿਆ ਗਣੀ ਜਿਸੁ ਹਰਿ ਗੁਰ ਦਰਸੁ ਨ ਹੋਇ ॥੬॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੬੩

ਇਹ ਅਲਾਹੀ ਬਚਨ ਸੁਣ ਕੇ ਫਕੀਰ ਯਾਰ ਅਲੀ ਖਾਨ ਸੰਤੁਸ਼ਟ ਹੋ ਗਿਆ ਅਤੇ **ਲੰਮੀ ਉਮਰ ਭੋਗਣ ਦਾ ਵਿਚਾਰ ਤਿਆਗ ਕੇ ਗੁਰੂ ਜੀ ਦਾ ਸਿੱਖ ਬਣ ਗਿਆ।**

**12. ਗਜ਼ਨੀ (ਅਫਗਾਨਿਸਤਾਨ) :** ਗੁਰੂ ਜੀ ਸੰਗਤ **ਸਮੇਤ-ਸਫਾ, ਜਾਲਦਾਕ, ਕਲਾਤ, ਸਾਨਜੂਈ, ਮਕਰ, ਕੁਆਰਾ ਬਾਗ** ਵਿੱਚ ਅਲਾਹੀ ਬਚਨ ਕਰਦਿਆਂ 400 ਕਿ. ਮੀ. ਸਫਰ ਕਰਕੇ ਗਜ਼ਨੀ ਪਹੁੰਚ ਗਏ। ਇਸ ਅਸਥਾਨ ਤੇ ਗੁਰੂ ਜੀ ਬਹੁਤ ਦਿਨ ਅਲਾਹੀ ਕੀਰਤਨ ਅਤੇ ਬਚਨ ਕਰਦੇ ਰਹੇ। ਸੰਗਤ ਦੇ ਪ੍ਰੇਮ ਸਦਕਾ ਉਥੇ ਧਰਮਸਾਲ ਬਨਾਈ ਗਈ।



**ਇਹ ਸ਼ਹਿਰ 6ਵੀਂ ਸਦੀ ਬੀ.ਸੀ.ਈ. ਵਿੱਚ (King Cyrus-II) ਨੇ ਜਿੱਤਿਆ ਜੋ ਪਿਛੋਂ ਗੁਰਦੁਆਰਾ ਉਸਾਰਿਆ ਗਿਆ।**



**ਗੁਰਦੁਆਰਾ ਸਾਹਿਬ, ਗਜ਼ਨੀ**

**13. ਜਲਾਲ ਆਬਾਦ (ਅਫਗਾਨਿਸਤਾਨ) :** ਗੁਰੂ ਜੀ ਸੰਗਤ ਸਮੇਤ **ਪੋਲੋਆਲਮ, ਆਸ਼ਰੋ** ਆਦਿ ਵਿੱਚ ਅਲਾਹੀ ਬਚਨ ਕਰਦੇ ਹੋਏ 300 ਕਿ.ਮੀ. ਚੱਲ ਕੇ ਇਸ ਸ਼ਹਿਰ ਵਿੱਚ ਆ ਪਹੁੰਚੇ। ਗੁਰੂ ਜੀ ਇਥੇ 40 ਦਿਨ ਠਹਿਰ ਕੇ ਸੰਗਤ ਨੂੰ ਅਲਾਹੀ ਬਚਨਾਂ ਅਤੇ ਕੀਰਤਨ ਦੁਆਰਾ ਨਿਹਾਲ ਕਰਦੇ ਰਹੇ। ਇਸ ਸ਼ਹਿਰ ਵਿੱਚ ਪਿੱਛੋਂ **ਗੁਰਦੁਆਰਾ ਨਾਨਕ ਦਰਬਾਰ** ਉਸਾਰਿਆਂ ਗਿਆ। ਉੱਥਲ-ਪੁੱਥਲ ਵੇਲੇ ਅਫਗਾਨਿਸਤਾਨ ਦੀ ਸੰਗਤ ਇਸ ਗੁਰਦੁਆਰੇ ਵਿੱਚ 8 ਦਿਨ ਰਹੀ ਸੀ। ਹੁਣ ਇਸ ਸ਼ਹਿਰ ਵਿੱਚ ਸਿੱਖ ਬਹੁਤ ਘੱਟ ਹਨ।



ਗੁਰਦੁਆਰਾ ਸਾਹਿਬ, ਜਲਾਲ ਆਬਾਦ

**14. ਸੁਲਤਾਨਪੁਰ (ਅਫਗਾਨਿਸਤਾਨ) :** ਗੁਰੂ ਜੀ ਸੰਗਤ ਸਮੇਤ 8 ਕਿ.ਮੀ. ਚਲ ਕੇ ਨੌਨਾਗਰ ਪਹਾੜੀ ਕੋਲ ਪਹੁੰਚੇ। ਜਿਸ ਉਪਰ ਤਿੰਨ ਚਸ਼ਮਿਆਂ ਤੇ ਇਕ ਫਕੀਰ ਦਾ ਕਬਜਾ ਸੀ। ਉਹ ਪੀਣ ਲਈ ਪਾਣੀ ਵੀ ਨਹੀਂ ਦਿੰਦਾ ਸੀ। ਗੁਰੂ ਜੀ ਨੇ ਪਹਾੜੀ ਦੇ ਹੇਠਾਂ ਹੀ ਚਸ਼ਮਾ ਪ੍ਰਗਟ ਕਰ ਦਿਤਾ, ਧਰਮਸਾਲ ਵੀ ਬਣਵਾਈ। ਇਸ ਅਸਥਾਨ ਦੀ ਸੇਵਾ ਸੰਭਾਲ ਪਹਿਲਾਂ ਭਾਈ ਕਰਮ ਸਿੰਘ ਜੀ ਬੇਦੀ ਕਰਦੇ ਸਨ। ਉੱਥੋਂ ਦੇ ਬਾਦਸ਼ਾਹ ਅਮੀਰ ਹਬੀਬਉਲ ਖਾਨ ਨੇ 1906 ਈ. ਵਿੱਚ ਉਸ ਚਸ਼ਮੇ ਤੇ ਸਰਕਾਰੀ ਗੈਸਟ ਹਾਊਸ ਬਣਵਾ ਦਿੱਤਾ।



ਸੁਲਤਾਨਪੁਰ-ਏ-ਔਲੀਆ ਪੁਰਾਤਨ ਸ਼ਹਿਰ


ਪ੍ਰੰਤੂ 1928-29 ਵਿੱਚ **'ਮੁਹੰਮਦ ਨਾਦਰਸ਼ਾਹ'** ਨੇ **ਚਸ਼ਮਾ ਸਾਹਿਬ** ਫਿਰ ਸਿੱਖਾਂ ਦੇ ਹਵਾਲੇ ਕਰ ਦਿੱਤਾ। ਉਸ ਸਾਲ ਸਮੂਹ ਸੰਗਤ ਵੱਲੋਂ ਗੁਰਦੁਆਰਾ ਚਸ਼ਮਾ ਸਾਹਿਬ ਵਿਖੇ ਵੈਸਾਖੀ ਦਾ ਪੁਰਬ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਸਮਾਗਮ ਦਾ ਸਾਰਾ ਪ੍ਰਬੰਧ ਤੇ ਖਰਚਾ ਖਾਲਸਾ ਦੀਵਾਨ, ਕਾਬਲ ਵਲੋਂ ਕੀਤਾ ਗਿਆ। ਸਾਰਾ ਸਾਲ ਗੁਰੂ ਕਾ ਲੰਗਰ ਚੱਲਦਾ ਰਿਹਾ। ਲੰਗਰ ਚਾਲੂ ਰਖਣ ਲਈ 'ਸਰਦਾਰ ਬਹਾਦੁਰ ਸਿੰਘ ਜੀ' ਨੇ ਆਪਣੀ ਸਾਰੀ ਜਾਇਦਾਦ ਵੇਚ ਕੇ ਲੰਗਰ ਦੀ ਸੇਵਾ ਵਿੱਚ ਲਗਾ ਦਿੱਤੀ।

ਸੁਲਤਾਨਪੁਰ ਤੋਂ ਗੁਰੂ ਜੀ ਨੇੜੇ ਦੇ ਨਗਰਾਂ, **ਹਜ਼ਾਰਾ ਦੇ ਆਸ** ਪਾਸ, **ਚਿਤਰਾਲ, ਡੇਰਾ ਚੱਕ, ਮਾਲਕੰਦ,** ਆਦਿ ਥਾਵਾਂ ਤੇ ਜਾਂਦੇ ਅਤੇ ਸਭਨਾਂ ਨੂੰ ਉਪਦੇਸ਼ ਦੇ ਕੇ ਸੁਲਤਾਨਪੁਰ ਵਾਪਸ ਆ ਜਾਇਆ ਕਰਦੇ।

**ਅਫਗਾਨਿਸਤਾਨ ਵਿੱਚ ਬਹੁਤ ਸਮਾਂ ਰਹਿ ਕੇ ਗੁਰੂ ਜੀ ਨੇ ਸਾਂਝੀਵਾਲਤਾ ਦਾ ਸੰਦੇਸ਼ ਘਰ ਘਰ ਅੱਪੜਦਾ ਕੀਤਾ।**

# EAST PAKISTAN





ਖ਼ਾਇਬਰ ਪਖ਼ਤੂਨਵਾ ਦਾ ਵੱਡਾ ਸ਼ਹਿਰ 539 ਬੀ.ਸੀ.ਈ. ਵਿੱਚ ਵਸਿਆ

**ਪਿਸ਼ਾਵਰ (ਪਾਕਿਸਤਾਨ) :** ਉਸ ਸਮੇਂ ਇਹ ਸ਼ਹਿਰ ਅਖੰਡ ਭਾਰਤ ਦਾ ਹਿੱਸਾ ਸੀ। ਇਥੋਂ ਦੇ ਲੋਕ ਜੋਗੀਆਂ ਦੇ ਚੰਗਲ ਵਿੱਚ ਫਸੇ ਹੋਏ ਸਨ। ਗੁਰੂ ਜੀ ਨੇ ਜੋਗਿਆਂ ਨੂੰ ਕਿਹਾ ਹੱਠ ਯੋਗ ਨਾਲ ਕੋਈ ਲਾਭ ਨਹੀ ਹੁੰਦਾ ਪ੍ਰਭੂ ਪ੍ਰਾਪਤੀ ਸਹਿਜ ਅਤੇ ਗ੍ਰਿਸਤ ਮਾਰਗ ਵਿੱਚ ਰਹਿ ਕੇ ਵੀ ਹੋ ਸਕਦੀ ਹੈ। ਜੋਗੀ :-ਹੱਠ - ਜੋਗ ਨਾਲ ਅਸੀਂ ਆਪਣੀ ਉਮਰ ਲੰਮੀ ਕਰ ਸਕਦੇ ਹਾਂ। ਗੁਰੂ ਜੀ ਨੇ ਕਿਹਾ ਅਲੌਕਿਕ ਸਕਤੀਆਂ ਦੀ ਪ੍ਰਾਪਤੀ ਨਾਲ ਵਿਅਕਤੀ ਹੰਕਾਰੀ ਹੋ ਕੇ ਪ੍ਰਭੂ ਚਰਨਾਂ ਤੋਂ ਦੂਰ ਹੋ ਜਾਂਦਾ ਹੈ। ਸਿੱਧੀ ਪ੍ਰਾਪਤ ਵਿਅਕਤੀ ਆਪਣੇ ਮੂਲ ਉਦੇਸ਼ ਤੋਂ ਭਟਕ ਜਾਂਦਾ ਹੈ, ਰਹੀ ਗੱਲ ਉਮਰ ਵਧਾਉਣ ਦੀ ਕਿਉਂ ਕਿ ਸਰੀਰ ਰੂਪੀ ਪੁਰਾਣੇ ਅਤੇ ਬੁੱਢੇ ਚੋਲੇ ਨੂੰ ਧਾਰਨ ਕਰਕੇ ਕਿਉਂ ਰੱਖਿਆ ਜਾਵੇ ਜਦਕਿ ਇਹ ਜਰਜਰਾ ਹੋ ਚੁੱਕਾ ਹੁੰਦਾ ਹੈ। ਜਦੋਂ ਤੱਕ ਪੁਰਾਣਾ ਚੋਲਾ ਨਹੀਂ ਉਤਰੇਗਾ ਤਦ ਤੱਕ ਕੁਦਰਤ, ਸੁੰਦਰ, ਤੰਦਰੁਸਤ ਅਤੇ ਨਵੀ.ਕਾਇਆ ਕਿਵੇਂ ਬਖਸ਼ੇਗੀ।

ਇਹ ਸੁਣ ਕੇ ਜੋਗੀ ਕਹਿਣ ਲੱਗੇ, **"ਪਹਿਲਾਂ ਇਹ ਦੱਸੋ ਮਨੁੱਖ ਕਿੰਨੀ ਉਮਰ ਭੋਗ ਸਕਦਾ ਹੈ?"** **ਗੁਰੂਦੇਵ ਜੀ ਨੇ ਕਿਹਾ, "ਇਸ ਵਿਸ਼ੇ ਵਿੱਚ ਤੁਹਾਨੂੰ ਵਧੇਰੇ ਗਿਆਨ ਹੈ।"** ਇਕ ਜੋਗੀ ਆਪਣਾ ਤਜਰਬਾ ਦੱਸਦਾ ਹੋਇਆ ਕਹਿਣ ਲੱਗਾ, "ਜੇ ਸਰੀਰ ਦੀ ਠੀਕ ਤਰਾਂ ਨਾਲ ਸੰਭਾਲ ਕੀਤੀ ਜਾਵੇ ਤਾਂ ਮਨੁੱਖ ਆਮ ਤੌਰ ਤੇ ਸੌ ਸਾਲ ਆਸਾਨੀ ਨਾਲ ਜੀਵਨ ਬਤੀਤ ਕਰ ਸਕਦਾ ਹੈ।" ਦੂਜਾ ਜੋਗੀ ਬੋਲਿਆ, "ਜੋਗ-ਅਭਿਆਸ ਨਾਲ ਉਮਰ ਕਈ ਗੁਣਾਂ ਵਧਾਈ ਜਾ ਸਕਦੀ ਹੈ।" ਇਹ ਸੁਣ ਕੇ ਗੁਰੂਦੇਵ ਜੀ ਨੇ ਆਪਣਾ ਫੈਸਲਾ ਦਿੰਦਿਆਂ "ਇਹ ਅਲਾਹੀ ਫੁਰਮਾਨ ਕਹਿ ਸੁਣਾਇਆ :-

"ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ॥ ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ॥੧॥
ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ ॥੧॥ ਰਹਾਉ ॥"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੬੬੦

ਜੋ ਸਾਹ ਲੈ ਰਿਹੇ ਹਾਂ, ਉਹੀ ਆਪਣਾ ਹੈ। ਦੂਜਾ ਸਾਹ ਜੋ ਲੈਣਾ ਹੈ, ਉਸ ਦੇ ਸਬੰਧ ਵਿਚ ਕੁਝ ਨਹੀਂ ਕਹਿ ਸਕਦੇ ਕਿ ਉਹ ਸਾਹ ਆਵੇ ਜਾਂ ਨਾ ਆਵੇ, ਕੀ ਪਤਾ ਕਦੋਂ ਦਿਲ ਦੀ ਧੜਕਣ ਬੰਦ ਹੋ ਜਾਵੇ। ਇਸ ਲਈ ਮੌਤ ਨੂੰ ਸਦਾ ਯਾਦ ਰੱਖ ਕੇ ਕੰਮ ਕਰੋ। ਇਹ ਸਚਾਈ ਸੁਣ ਕੇ ਜੋਗੀ ਸ਼ਾਂਤ ਹੋ ਗਏ ਅਤੇ ਗੁਰੂ ਜੀ ਦਾ ਧੰਨਵਾਦ ਕੀਤਾ ਤਾਂ ਗੁਰੂ ਜੀ ਉੱਥੋਂ ਅੱਗੇ ਤੁਰ ਪਏ।


**ਗੋਰਖ ਟਿੱਲਾ ਪਿਸ਼ਾਵਰ ਜਿੱਥੇ ਗੁਰੂ ਜੀ ਨੇ ਗੋਰਖ ਨਾਥਦੇ ਚੇਲਿਆਂ ਨਾਲ ਵਿਚਾਰ ਚਰਚਾ ਕੀਤੀ**





**ਗੁਰਦੁਆਰਾ ਸਾਹਿਬ ਜੀ, ਪਿਸ਼ਵਾਰ (ਪਾਕਿਸਤਾਨ)**

**ਸੈਦਪੁਰ/ਏਮਨਾਬਾਦ (ਪਾਕਿਸਤਾਨ) :** ਗੁਰੂ ਜੀ ਸੰਗਤ ਸਮੇਤ **ਕੋਹਾਟ, ਬਨੂੰ, ਟਾਂਕ, ਸਰਗੋਧੇ** ਆਦਿ ਵਿੱਚ ਅਲਾਹੀ ਬਚਨ ਕਰਦੇ ਹੋਏ **250** ਕਿ.ਮੀ. ਚੱਲ ਕੇ **ਸੈਦਪੁਰ** ਪਹੁੰਚ ਗਏ। ਅਫਗਾਨਿਸਤਾਨ ਤੋਂ ਬਾਦਸ਼ਾਹ **'ਮੀਰ ਬਾਬਰ'** ਹਿੰਦੁਸਤਾਨ ਵਿੱਚ ਪਹੁੰਚ ਚੁਕਾ ਸੀ। ਗੁਰੂ ਜੀ ਉਸ ਦੇ ਸੈਦਪੁਰ ਪਹੁਚੰਣ ਤੋਂ ਪਹਿਲਾਂ ਭਾਈ ਲਾਲੋ ਜੀ ਦੇ ਘਰ ਜਾ ਠਹਿਰੇ।



**2000 ਸਾਲ ਪੁਰਾਤਨ ਸ਼ਹਿਰ, ਸੈਦਪੁਰ**

ਇਕ ਵਿਅਕਤੀ ਗੁਰੂਦੇਵ ਜੀ ਕੋਲ ਆਇਆ, **"ਹੇ ਗੁਰੂਦੇਵ!** ਮੇਰੀ ਬੇਟੀ ਦਾ ਵਿਆਹ ਹੈ। ਮੈਂ ਕੀ ਕਰਾਂ?" ਗੁਰੂਦੇਵ ਜੀ ਨੇ ਤਦ ਇਕ ਖਾਸ ਸੁਰੱਖਿਅਤ ਸਥਾਨ ਦੱਸਿਆ ਅਤੇ ਕਿਹਾ, **"ਤੁਸੀਂ ਉੱਥੇ ਜਾ ਕੇ ਵਿਆਹ ਦਾ ਪ੍ਰਬੰਧ ਕਰੋ।"**

ਗੁਰੂਦੇਵ ਜੀ ਦੇ ਕਹਿਣ ਤੇ ਕੁਝ ਹੋਰ ਲੋਕ ਵੀ ਸੁਰੱਖਿਅਤ ਥਾਵਾਂ ਤੇ ਚਲੇ ਗਏ। ਬਾਬਰ ਦੇ ਹਮਲੇ ਤੋਂ ਬਚਣ ਲਈ ਉੱਥੋਂ ਦੇ ਪਬੰਧਕਾਂ ਨੇ ਮੁਲਾਣਿਆਂ ਨੂੰ ਕਲਾਮ (**ਕੁਰਾਨ ਦਾ ਪਾਠ**) ਅਤੇ ਪੰਡਤਾਂ ਨੂੰ ਗੀਤਾ ਪੜਨ ਤੇ ਹਵਨ ਕਰਨ ਲਾ ਦਿੱਤਾ ਤਾਂ ਕਿ ਆ ਰਹੀ ਆਫਤ ਟਲ ਜਾਵੇ। ਪ੍ਰੰਤੂ ਮੁੱਲਾਂ ਮੁਲਾਣਿਆਂ ਤੇ ਪੰਡਤਾਂ ਦੇ ਪੂਜਾ ਪਾਠਾਂ ਨੇ ਕੁਝ ਨਾ ਸਵਾਰਿਆ। **ਬਾਬਰ ਨੇ ਸੈਦਪੁਰ ਰੀਝ ਨਾਲ ਉਜਾੜਿਆ ਅਤੇ ਲੁੱਟਿਆ। ਹਜ਼ਾਰਾਂ ਬੇ-ਕਸੂਰਾਂ ਨੂੰ ਮਾਰ ਦਿੱਤਾ ਗਿਆ ਅਤੇ ਇਸਤ੍ਰੀਆਂ ਦੀ ਪੱਤ ਲੁੱਟੀ ਗਈ। ਗੁਰੂ ਜੀ ਨੇ ਨਿਝੱਕ ਹੋ ਕੇ ਧੁਰੋਂ ਆਈ ਬਾਣੀ ਦਾ ਉਚਾਰਨ ਕੀਤਾ। ਇਸ ਅਲਾਹੀ ਬਾਣੀ ਵਿੱਚ ਇਤਿਹਾਸਿਕ ਤੱਥਾਂ ਦੀ ਝਲਕ ਪੈਂਦੀ ਹੈ।**

"ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ।।ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ।।
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ ।।੧।।ਆਦੇਸੁ ਬਾਬਾ ਆਦੇਸੁ ।।
ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ।।੧।।ਰਹਾਉ ।। (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-417)

**ਇਸ ਮਹਾਨ ਅਲਾਹੀ ਬਾਣੀ ਵਿੱਚ ਸੈਦਪੁਰ ਦੇ ਭੂਤ, ਵਰਤਮਾਨ ਅਤੇ ਭਵਿੱਖ ਦੀ ਗਾਥਾ ਸਪਸ਼ਟ ਹੋ ਰਹੀ ਹੈ।**



ਇਹ ਅਤਿ ਦਰਜੇ ਦਾ ਦੁਖਾਂਤ ਨਾ ਸਹਿੰਦਿਆਂ ਅਗਮੀ ਤੇ ਬ੍ਰਹਿਮੰਡੀ ਸੋਚ ਦੇ ਧਾਰਨੀ ਦੇ ਮਖਾਰਬਿੰਦ ਵਿੱਚੋਂ ਆਪਮੁਹਾਰੇ ਹੀ ਵੇਦਨਾ ਭਰਪੂਰ ਅਤੇ ਫਰਿਆਦੀ ਬੋਲ ਨਿਕਲੇ:-

"ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-360)

ਪੰਡਿਤਾਂ ਅਤੇ ਮੁਲਾਂ ਮਲਾਣਿਆਂ ਦੇ ਕਲਮੇਂ ਤੇ ਹਵਨ ਕਿਸੇ ਕੰਮ ਨਾ ਆਏ। ਗਹਿਗਚ ਲੜਾਈ ਵਿੱਚ ਪੁਰਾਣੇ ਤਰੀਕੇ ਵੀ ਕੰਮ ਨਾ ਆਏ। ਇਸ ਪ੍ਰਥਾਏ ਗੁਰੂ ਜੀ ਨੇ ਇਹ ਅਲਾਹੀ ਸ਼ਬਦ ਉਚਾਰਿਆ:-

"ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥ ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥ ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥ ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥ ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ ॥ ਜਿਨ੍ ਕੀ ਚੀਰੀ ਦਰਗਹ ਪਾਟੀ ਤਿਨ੍ਾ ਮਰਣਾ ਭਾਈ ॥ ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ ॥ ਇਕਨ੍ਾ ਪੇਰਣ ਸਿਰ ਖੁਰ ਪਾਟੇ ਇਕਨ੍ਾ ਵਾਸੁ ਮਸਾਣੀ ॥ ਜਿਨ੍ ਕੇ ਬੰਕੇ ਘਰੀ ਨ ਆਇਆ ਤਿਨ੍ ਕਿਉ ਰੈਣਿ ਵਿਹਾਣੀ ॥" (ਅੰਗ-417) ਸੈਦਪੁਰ ਦੀ ਜਨਤਾ ਵਿੱਚ ਦੁਹਈ ਮੱਚ ਗਈ ਜਿਸ ਦੀ ਗੁਵਾਹੀ ਅਲਾਹੀ ਬਾਣੀ ਭਰਦੀ ਹੈ।

"ਬਾਬਰ ਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥ ਇਕਨਾ ਵਖਤ ਖੁਆਈਅਹਿ ਇਕਨ੍ਾ ਪੂਜਾ ਜਾਇ ॥ ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ ॥ ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-417)

ਸੈਦਪੁਰ ਵਾਸੀ ਸਾਰੇ ਰਸਮੋ-ਰਿਵਾਜ ਭੁਲ ਕੇ ਵਿਆਕੁਲ ਹੋ ਗਏ।

"ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥ ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ ॥
ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-417)

ਅਜਿਹਾ ਦਰਦ ਭਰਿਆ ਵਾਤਾਰਨ ਵੇਖ ਕੇ ਗੁਰੂ ਜੀ ਨੇ ਇਹ ਅਲਾਹੀ ਬਚਨ ਉਚਾਰਿਆ ਅਤੇ ਪ੍ਰਮਾਤਮਾ ਪਾਸ ਨਿਹੋਰੇ ਭਰੀ ਅਰਦਾਸ ਕੀਤੀ ਕਿ ਇਸ ਤਰ੍ਹਾਂ ਦੀ ਤਬਾਹੀ, ਆਉਣ ਵਾਲੇ ਸਮੇਂ ਵਿੱਚ ਨਹੀਂ ਵਾਪਰਨੀ ਚਾਹੀਦੀ।

"ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥ ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥
ਕਰਤਾ ਤੂੰ ਸਭਨਾ ਕਾ ਸੋਈ ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-360)

ਖੁਰਾਸਾਨ ਵਿੱਚ ਘੰਮਸਾਨ ਬਚਾ ਕੇ ਬਾਬਰ ਨੇ ਹਿੰਦੁਸਤਾਨ ਦੇ ਕਮਜ਼ੋਰ ਰਾਜਿਆਂ ਨੂੰ ਆਣ ਘੇਰਿਆ।

**"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ।। ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।।ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ।।"** (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-360)

ਸੈਦਪੁਰ ਦੇ ਢਿੱਲੜ ਸੈਨਿਕ ਬਾਬਰ ਦੇ ਸੈਨਕਾਂ ਦਾ ਮੁਕਾਬਲਾ ਨਾ ਕਰ ਸਕੇ। ਬਾਬਰ ਦੀਆਂ ਫੌਜਾਂ ਨੇ ਨਗਰ ਨੂੰ ਖੂਬ ਲੁਟਿਆ, ਇਸਤਰੀਆਂ ਦੇ ਸਤ ਭੰਗ ਕੀਤੇ ਗਏ, ਘਰ ਸਾੜ ਦਿਤੇ, ਮੌਤ ਦਾ ਨੰਗਾ ਨਾਚ ਹੋਇਆ। ਬਚੇ-ਖੁਚੇ ਲੋਕਾਂ ਨੂੰ ਬੰਦੀ ਬਣਾ ਲਿਆ। ਗੁਰੂ ਜੀ, ਭਾਈ ਲਾਲੋ ਅਤੇ ਭਾਈ ਮਰਦਾਨਾ ਜੀ ਵੀ ਬੰਦੀ ਬਨਾਏ ਗਏ।

ਬੰਦੀਆਂ ਦੇ ਕੰਮ ਬਾਬਰ ਦੀ ਸੈਨਾ ਵਲੋਂ ਲੁੱਟ ਦਾ ਸਮਾਨ ਢੋਣਾ ਅਤੇ ਉਨ੍ਹਾਂ ਦੇ ਭੋਜਨ ਲਈ ਆਟਾ ਪੀਸਣਾ ਸੀ। ਬੰਦੀਖਾਨੇ ਵਿੱਚ ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਕਿਹਾ, "ਮਰਦਾਨਿਆਂ ਰਬਾਬ ਛੇੜ ਬਾਣੀ ਆਈ ਹੈ।




**ਗੁਰਦੁਆਰਾ ਚੱਕੀ ਸਾਹਿਬ, ਸੈਦਪੁਰ**

"ਸੋਹਾਗਣੀ ਕਿਆ ਕਰਮੁ ਕਮਾਇਆ॥ ਪੂਰਬਿ ਲਿਖਿਆ ਫਲੁ ਪਾਇਆ॥
ਨਦਰਿ ਕਰੇਕੈ ਆਪਣੀ ਆਪੇ ਲਏ ਮਿਲਾਇ ਜੀਉ॥੮॥ ਹੁਕਮੁ ਜਿਨਾ ਨੋ ਮਨਾਇਆ॥
ਤਿਨ ਅੰਤਰਿ ਸਬਦੁ ਵਸਾਇਆ॥ ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ॥੯॥
ਜਿਨਾ ਭਾਣੇ ਕਾ ਰਸੁ ਆਇਆ॥ ਤਿਨ ਵਿਚਹੁ ਭਰਮੁ ਚੁਕਾਇਆ॥
ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ॥੧੦॥"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੭੨

ਗੁਰੂਦੇਵ ਜੀ ਨੇ ਜਿਵੇਂ ਹੀ ਕੀਰਤਨ ਦੁਆਰਾ ਅਕਾਲਪੁਰਖ ਦਾ ਉਪਦੇਸ਼ ਗਾਇਣ ਕੀਤਾ। ਸਾਰੇ ਕੈਦੀਆਂ ਦੇ ਮਨ ਵਿੱਚੋਂ ਡਰ ਨਿਕਲ ਗਿਆ। ਉਹ ਗੁਣ-ਗੁਣਾਉਂਦੇ ਹੋਏ ਚੱਕੀਆਂ ਚਲਾਉਂਦੇ ਰਹੇ। ਗੁਣਗਾਣ ਨੂੰ ਸੁਣ ਕੇ ਉੱਥੇ ਖੜੇ ਬਾਬਰ ਦੇ ਸੰਤਰੀ ਆਪਣੇ ਅਧਿਕਾਰੀਆਂ ਨੂੰ ਬੁਲਾ ਕੇ ਲੈ ਆਏ ਕਿ ਇਕ ਮਸਤਾਨਾ ਫਕੀਰ ਹੈ ਜੋ ਕਿ ਦੁਖਦਾਈ ਹਾਲਾਤਾਂ ਵਿੱਚ ਵੀ ਨਿਡਰ ਹੋ ਕੇ ਮਧੁਰ ਸੰਗੀਤ ਗਾ ਰਿਹਾ ਹੈ। ਅਧਿਕਾਰੀ ਭੈ-ਭੀਤ ਹੋ ਗਏ ਕਿ ਕਿਤੇ ਇਹ ਕੋਈ ਸਰਾਪ ਹੀ ਨਾ ਦੇ ਦੇਵੇ। ਇਸ ਲਈ **ਉਹ ਸਿੱਧੇ ਮੀਰ ਬਾਬਰ ਕੋਲ ਪਹੁੰਚੇ।**



ਸੂਚਨਾ ਮਿਲਦਿਆਂ ਹੀ ਬਾਬਰ ਮੀਰ ਆਪ ਕੈਦੀਆਂ ਨੂੰ ਵੇਖਣ ਆਇਆ। ਬਾਬਰ ਦੇ ਅਹਿਲਕਾਰਾਂ ਵਿੱਚੋਂ ਇਕ ਨੇ ਬਾਬਰ ਨੂੰ ਦੱਸਿਆ ਕਿ ਉਸ ਨੇ ਕੁਝ ਦਿਨ ਪਹਿਲਾਂ ਇਸ ਫਕੀਰ ਨੂੰ ਕਾਬਲ ਵਿਚ ਪ੍ਰਵਚਨ ਕਰਦਿਆਂ ਸੁਣਿਆ ਸੀ, ਉਥੋਂ ਦੇ ਲੋਕ ਇਸ ਦੀ ਬਹੁਤ ਮਾਨਤਾ ਕਰਦੇ ਹਨ। ਬਾਬਰ ਇਸ ਵਰਤਾਰੇ ਨੂੰ ਝੱਟ ਸਮਝ ਗਿਆ, ਉਸ ਨੇ ਅੱਗੇ ਹੋ ਕੇ ਗੁਰੂ ਜੀ ਤੋਂ ਖ਼ੂਨ ਖਰਾਬੇ ਦੀ ਮੁਆਫੀ ਮੰਗਣ ਲੱਗਾ। ਗੁਰੂ ਜੀ ਨੇ ਉਸ ਨੂੰ ਉਸ ਦੀ ਗਲਤੀ ਦਾ ਅਹਿਸਾਸ ਕਰਾਇਆ। ਗੁਰੂ ਜੀ ਨੇ ਉੱਚੀ ਆਵਾਜ਼ ਵਿੱਚ ਕਿਹਾ, **"ਐ ਬਾਬਰ ਤੂੰ ਖੁਰਾਸਾਨੀ ਹਾਕਮਾ ਨੂੰ ਕੁਚਲਦੇ ਹੋਏ ਹਿੰਦੁਸਤਾਨ ਉੱਤੇ ਚੜ੍ਹਾਈ ਕਰ ਦਿੱਤੀ ਹੈ। ਬਾਬਰ ਤੂੰ ਜਾਬਰ ਹੈਂ, ਜ਼ੁਲਮੀ ਹੈਂ। ਤੂੰ ਨਿਰਦੋਸ਼ ਲੋਕਾਂ ਦੀਆਂ ਹੱਤਿਆਵਾਂ ਕੀਤੀਆਂ ਹਨ ਅਤੇ ਔਰਤਾਂ ਦੇ ਸਤ ਭੰਗ ਕਰਵਾਏ ਹਨ।**



ਅੱਲ੍ਹਾ ਦੀ ਦਰਗਾਹ ਵਿਚ ਤੈਨੂੰ ਇਸ ਦਾ ਹਿਸਾਬ ਦੇਣਾ ਪਵੇਗਾ। ਇਸ ਕੌੜੇ ਸੱਚ ਨੂੰ ਸੁਣ ਕੇ ਬਾਬਰ ਮੀਰ ਦਾ ਸਿਰ ਸ਼ਰਮ ਨਾਲ ਝੁਕ ਗਿਆ। ਉਸ ਨੇ ਆਪਣਾ ਅਪਰਾਧ ਸਵੀਕਾਰ ਕਰਦੇ ਹੋਏ ਕਿਹਾ, ਹੇ ਫਕੀਰ ਸਾਈ, ਤੁਸੀਂ ਮੇਰਾ ਮਾਰਗ ਦਰਸ਼ਨ ਕਰੋ। ਤਦ ਗੁਰੂ ਜੀ ਨੇ ਕਿਹਾ ਜਿਹੜੇ ਸ਼ਾਸਕ ਮਾਸੂਮ ਪਰਜਾ ਉੱਤੇ ਅੱਤਿਆਚਾਰ ਕਰਦੇ ਹਨ, ਉਹ ਬਹੁਤ ਜਲਦੀ ਖਤਮ ਹੋ ਜਾਂਦੇ ਹਨ। ਜੇ ਚਿਰ ਸਥਾਈ ਰਾਜ ਕਰਨਾ ਚਾਹੁੰਦੇ ਹੋ ਤਾਂ ਦਇਆਵਾਨ ਬਣ ਕੇ ਹਮੇਸ਼ਾ ਨਿਆਂ ਤੇ ਇਨਸਾਫ ਦੀ ਤੱਕੜੀ ਹੱਥ ਵਿੱਚ ਰੱਖੋ ਅਤੇ ਪਰਜਾ ਨੂੰ ਸੁਖੀ ਰੱਖੋ।

**ਬਾਬਰ ਨੇ ਝੱਟ-ਪੱਟ ਗੁਰੂਦੇਵ ਦੇ ਚਰਨ ਛੂਹੇ ਤੇ ਕਸਮ ਚੁੱਕੀ ਕਿ** ਅੱਗੇ ਤੋਂ ਕਦੀ ਵੀ ਮੈਂ ਅਤੇ ਮੇਰੇ ਸੈਨਿਕ ਆਮ ਜਨਤਾ ਤੇ ਅੱਤਿਆਚਾਰ ਨਹੀਂ ਕਰਾਂਗੇ। ਮੈਂ ਤੁਹਾਡੀ ਸਿੱਖਿਆ ਨੂੰ ਅਪਣਾਉਂਦਾ ਹੋਇਆ ਐਲਾਨ ਕਰਦਾ ਹਾਂ ਕਿ ਮੈਂ ਨਗਰ ਵਿੱਚ ਅਮਨ ਬਹਾਲ ਕਰਕੇ ਜਾਵਾਂਗਾ। ਜੇ ਤੁਹਾਡੀ ਆਗਿਆ ਹੋਵੇ ਤਾਂ ਇਸ ਨਗਰ ਦਾ ਨਾਂ ਵੀ **ਸੈਦਪੁਰ ਤੋਂ ਅਮਨ ਆਬਾਦ** ਰੱਖ ਦੇਂਦਾ ਹਾਂ। **ਬਾਬਾ ਜੀ ਅਤੇ ਬਾਬਰ ਵਿੱਚ ਸੰਧੀ ਹੋ ਗਈ। ਬਾਬਰ ਨੇ ਗੁਰੂਦੇਵ ਜੀ ਨੂੰ ਬੇਨਤੀ ਕੀਤੀ ਕਿ ਹੁਣ ਤੁਸੀਂ ਮੇਰੇ ਲਈ ਹੁਕਮ ਕਰੋ, ਮੈਂ ਤੁਹਾਡਾ ਸੇਵਾਦਾਰ ਹਾਂ।"** ਗੁਰੂਦੇਵ ਜੀ ਨੇ ਕਿਹਾ, "ਸਾਰੇ ਕੈਦੀਆਂ ਨੂੰ ਆਦਰ ਸਹਿਤ ਛੱਡ ਦਿਉ।"

**ਸਾਰੇ ਕੈਦੀ ਛੱਡ ਦਿਤੇ ਗਏ।** ਜੋ ਆਪਣੇ ਆਪਣੇ ਬਚੇ ਹੋਏ ਜੀਆਂ ਨੂੰ ਸੰਭਾਲਨ ਲੱਗੇ।

ਉਪ੍ਰੰਤ ਬਾਬਰ ਨੇ ਗੁਰੂ ਜੀ ਨੂੰ ਕਿਹਾ,"ਮੈਂ ਬਾਦਸ਼ਾਹ ਹਾਂ, ਕੁਝ ਮੰਗ ਲਵੋ।"
ਗੁਰੂ ਜੀ ਨੇ ਅੱਗੋਂ ਠੋਕਵਾਂ ਉੱਤਰ ਦਿੱਤਾ;

"ਸੁਣ ਬਾਬਰ ਮੀਰ, ਤੁਮ ਤੇ ਮਾਂਗੇ ਸੋ ਅਹਿਮਕ ਫਕੀਰ।" (ਹਵਾਲਾ: ਜਨਮ ਸਾਖੀ ਪ੍ਰੰਪਰਾ)।

ਉਪ੍ਰੰਤ ਗੁਰੂ ਜੀ ਨੇ ਲੋਕਾਂ ਨੂੰ ਢਾਰਸ ਦੇਣੀ ਆਰੰਭ ਕਰ ਦਿੱਤੀ ਅਤੇ ਬਾਬਰ ਆਪਣੇ ਦਿੱਤੇ ਵਚਨ ਮੁਤਾਬਕ ਕੰਮ ਕਰਨ ਲੱਗ ਪਿਆ।



ਗੁਰਦੁਆਰਾ ਰੋੜੀ ਸਾਹਿਬ ਜੀ, ਦਰਸ਼ਨੀ ਡਿਉੜੀ ਅਤੇ ਗੁਰਦੁਆਰਾ ਸਾਹਿਬ ਭਾਈ ਲਾਲੋ ਦੀ ਖੂਹੀ

ਨੋਟ:- (1) ਇਕ ਇਤਿਹਾਸਿਕ ਤੱਥ ਅਨੁਸਾਰ ਸ਼ੇਰਸ਼ਾਹ ਸੂਰੀ ਨੇ ਆਪਣੇ ਰਾਜ ਸਮੇਂ ਇੱਥੇ ਨਵਾਂ ਨਗਰ ਵਸਾ ਕੇ ਇਸ ਦਾ ਨਾਂ ਸ਼ੇਰਗੜ ਰੱਖਿਆ। ਪਿੱਛੋਂ, ਸ਼ੇਰਸ਼ਾਹ ਸੂਰੀ ਦੇ ਇਕ ਜਰਨੈਲ ਇਮਾਂ ਬਖਸ਼ ਨੇ ਇਸ ਨਗਰ ਦਾ ਨਾਮ ਆਪਣੇ ਨਾਮ ਤੇ ਇਮਨਾਆਬਾਦ ਰੱਖ ਦਿੱਤਾ।

(2) ਸੈਦਪੁਰ ਵਿੱਚ ਜਿਸ ਰੋੜਾਂ, ਕੰਕਰਾਂ ਵਾਲੀ ਥਾਂ ਤੇ ਬੈਠ ਕੇ ਗੁਰੂ ਜੀ ਪਛਚਾਤਾਪ ਵਜੋਂ ਸਿਮਰਨ ਕਰਿਆ ਕਰਦੇ ਸਨ। ਉਸ ਥਾਂ ਤੇ 1787 ਈ: ਵਿੱਚ ਮਹਾਂਰਾਜਾ ਰਣਜੀਤ ਸਿੰਘ ਨੇ ਗੁਰਦੁਆਰਾ ਰੋੜੀ ਸਾਹਿਬ ਬਣਵਾਇਆ। ਭਾਈ ਲਾਲੋ ਦੀ ਖੂਹੀ ਦੀ ਵੀ ਨਿਸ਼ਾਨ ਦੇਹੀ ਕੀਤੀ।

(3) ਗੁਰਦੁਆਰਾ ਰੋੜੀ ਸਾਹਿਬ ਅਤੇ ਭਾਈ ਲਾਲੋ ਜੀ ਦੀ ਖੂਹੀ ਦੇ ਦਰਸ਼ਨ ਆਪ ਜੀ ਨੇ ਪਹਿਲੀ ਉਦਾਸੀ ਵਾਲੇ ਭਾਗ-3 ਵਿੱਚ ਜ਼ਰੂਰ ਕਰ ਲੈ ਹੋਣਗੇ।

## ਰਾਏ ਭੋਏ ਦੀ ਤਲਵੰਡੀ/ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ)

ਸੈਦਪੁਰ/ਹੈਮਨਬਾਦ ਤੋਂ 100 ਕਿਮੀ. ਚੱਲ ਕੇ **ਕੰਮੋਕੇ, ਡੇਰਾ ਸੋਂਧੀਆਂ, ਜੋਗੀਵਾਲਾ, ਲੱਧੇਕੇ, ਸ਼ੇਖੂਪੁਰਾ, ਭਿੱਖੀ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਗੁਰੂ ਜੀ ਸੰਗਤ ਸਮੇਤ ਤਲਵੰਡੀ ਪਹੁੰਚ ਗਏ।

ਆਪ ਜੀ ਦੇ ਮਾਤਾ-ਪਿਤਾ ਹੁਣ ਬਿਰਧ ਅਵਸਥਾ ਵਿੱਚ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਦੱਸਿਆ ਕਿ ਹੁਣ ਉਨ੍ਹਾਂ ਨੇ ਸਥਾਈ ਜੀਵਨ ਬਤੀਤ ਕਰਨ ਲਈ, ਜਿਹੜਾ ਨਵਾਂ ਨਗਰ ਵਸਾਉਣਾ ਹੈ, ਤੁਸੀਂ ਆਪਣੇ ਪੋਤਿਆਂ ਨਾਲ ਉੱਥੇ ਹੀ ਰਹਿਣਾ।

ਮਾਤਾ ਪਿਤਾ ਨੇ ਸਹਿਮਤ ਹੁੰਦਿਆਂ ਕਿਹਾ, "ਬੇਟਾ ਪਹਿਲਾਂ ਉੱਥੇ ਠੀਕ ਤਰੀਕੇ ਨਾਲ ਰਹਿਣ-ਸਹਿਣ ਦਾ ਪ੍ਰਬੰਧ ਕਰ ਲਵੋ," ਗੁਰੂ ਜੀ ਕੁਝ ਦਿਨ ਆਪਣੇ ਮਾਤਾ-ਪਿਤਾ ਜੀ ਕੋਲ ਰਹਿ ਕੇ ਭਾਈ ਮਰਦਾਨਾ ਜੀ ਨਾਲ ਪੱਕੋ ਕੇ ਰੰਧਾਵੇ ਵੱਲ ਚਲ ਪਏ।

## ਪਿੰਡ ਦੋਦੇ (ਪੰਜਾਬ)

ਗੁਰੁਦੇਵ ਜੀ, ਤਵਵੰਡੀ ਤੋਂ ਪੱਖੋ ਕੇ ਰੰਧਾਵੇ ਨੂੰ ਜਾਂਦਿਆਂ ਅਜੋਕੇ ਪਾਕਿਸਤਾਨ ਦੇ ਪਿੰਡ **ਰਾਜਾਜੰਗ** (ਲੇਖਕ ਦਾ ਜਨਮ ਅਸਾਥਾਨ) **ਰਾਮਥੰਮਨ** (ਗੁਰੂ ਜੀ ਦੀ ਮਾਸੀ ਦੇ ਪੁੱਤਰ, ਭਰਾ (ਮਸੇਰ) ਦਾ ਪਿੰਡ ਤੇ ਜਾਹਮਨ ਵਿਚਦੀ 200 ਕਿਲੋ ਮੀਟਰ ਚੱਲ ਕੇ **'ਪਿੰਡ ਚਾਹਲ'** ਵਿੱਚ ਆਪਣੇ ਨਾਨਕਿਆਂ ਨੂੰ ਮਿਲਦੇ ਹੋਏ **ਖਾਲੜਾ** ਦੇ ਨੇੜੇ **ਪਿੰਡ** ਦੋਦੇ ਵਾਲੀ ਥਾਂ ਤੇ ਆ ਬਿਰਾਜੇ। ਆਸਨ ਲਾ ਕੇ ਕੀਰਤਨ ਦਾ ਆਨੰਦ ਮਾਨਣ ਲੱਗੇ। ਨੇੜੇ ਹੀ ਦੋਦਾ ਨਾਂ ਦਾ ਜਿਮੀਦਾਰ ਆਪਣੀ ਪਤਨੀ ਸਮੇਤ ਆਪਣੇ ਖੇਤਾਂ ਵਿੱਚ ਹੀ ਝੌਂਪੜੀ ਬਣਾ ਕੇ ਰਹਿੰਦਾ ਸੀ। ਉਨ੍ਹਾਂ ਦੇ ਘਰ ਕੋਈ ਔਲਾਦ ਨਹੀਂ ਸੀ। ਦੋਦੇ ਦੀ ਪਤਨੀ ਹਰ ਰੋਜ਼ ਗੁਰੂ ਜੀ ਪ੍ਰਤੀ ਸ਼ਰਧਾ ਰੱਖਦਿਆਂ ਕੀਰਤਨ ਸੁਣਨ ਆਉਂਦੀ ਅਤੇ ਨਾਲ ਹੀ ਗੁਰੂ ਜੀ ਵਾਸਤੇ ਦੁੱਧ ਵੀ ਲੈ ਕੇ ਆਉਂਦੀ। ਇਸ ਤਰ੍ਹਾਂ ਉਹ ਦੋਵੇਂ ਪਤੀ-ਪਤਨੀ ਗੁਰੂ ਜੀ ਦੇ ਅਨਿੱਨ ਸੇਵਕ ਬਣ ਗਏ। ਗੁਰੂ ਜੀ ਨੇ ਉੱਥੋਂ ਤੁਰਦੇ ਸਮੇਂ ਉਨ੍ਹਾਂ ਨੂੰ ਅਸੀਸ ਦਿਤੀ,**'ਦੁੱਧੀਂ ਪੁੱਤੀਂ ਫਲੋ।'**

ਭਾਈ ਦੋਦਾ ਗੁਰੂ ਭਗਤੀ ਵਿੱਚ ਲੀਨ ਰਹਿਣ ਲੱਗਾ। ਗੁਰੂ ਜੀ ਦੇ ਅਲਾਹੀ ਬਚਨਾਂ ਅਨੁਸਾਰ ਉਨ੍ਹਾਂ ਦੇ ਘਰ ਔਲਾਦ ਪੈਦਾ ਹੋਈ। **ਹੌਲੀ ਹੌਲੀ ਉਨ੍ਹਾਂ ਦਾ ਪਰਿਵਾਰ ਇਤਨਾ ਵਧ ਗਿਆ ਕਿ ਉੱਥੇ ਇਕ 'ਦੋਦੇ' ਨਾਮ ਦਾ ਨਗਰ ਵੱਸ ਗਿਆ।**



**ਬਾਬਾ ਰਾਮ ਥੰਮਨ, ਗੁਰੂਦੇਵ ਜੀ ਦੇ ਮਾਸੀ ਦੇ ਪੁੱਤ ਭਰਾ ਦਾ ਪਿੰਡ**



ਗੁਰਦੁਆਰਾ
ਚੁਖੰਡੀ ਸਾਹਿਬ ਜੀ,
ਰਾਜਾਜੰਗ




Gurdwara Patshahi Pahili, Kalra (Amritsar)

**ਪਿੰਡ ਠੱਟੀ ਸੋਹਲ (ਜਨਮ ਅਸਥਾਨ ਭਗਤ ਸੈਨ ਜੀ 1400-1490) :** ਗੁਰੂ ਜੀ ਸੰਗਤ ਸਮੇਤ **ਨਾਰਲੀ, ਸੁਰਸਿੰਘ, ਮੂਸੇ, ਗਗੋਬੂਹਾ, ਪੰਜਵੜ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਅਜੋਕੇ ਤਰਨ ਤਾਰਨ ਸਾਹਿਬ ਤੋਂ 27 ਕਿ. ਮੀ. ਦੂਰ ਪਿੰਡ ਠੱਟੀ ਸੋਹਲ ਪਹੁੰਚ ਗਏ। ਇਸ ਪਿੰਡ ਵਿੱਚ ਕੁਝ ਦਿਨ ਅਲਾਹੀ ਕੀਰਤਨ ਕਰਨ ਉਪੰਤ ਭਗਤ ਸੈਨ ਜੀ ਦੀ ਰੱਬੀ ਬਾਣੀ ਅਪਣੀ ਪੋਥੀ ਵਿੱਚ ਦਰਜ ਕਰ ਲਈ ਅਤੇ ਸੰਗਤ ਨੂੰ ਨਾਲ ਲੈ ਕੇ ਕੰਬੂਨੰਗਲ ਵੱਲ ਨੂੰ ਅੱਗੇ ਤੁਰ ਪਏ।



Gurdwara Bhagat Sain Ji, Thati Sohal

**ਕੱਬੂਨੰਗਲ (ਪੰਜਾਬ):** ਗੁਰੂ ਜੀ ਸੰਗਤ ਸਮੇਤ ਕੱਬੂਨੰਗਲ ਦੇ ਨੇੜੇ ਪਹੁੰਚ ਕੇ ਖੇਤਾਂ ਵਿੱਚ ਇਕ ਰੁੱਖ ਹੇਠਾਂ ਬੈਠ ਕੇ ਅਲਾਹੀ ਕੀਰਤਨ ਕਰਦਿਆਂ । ਇਕ 12 ਕੁ ਸਾਲ ਦਾ ਬਾਲਕ, ਜੋ ਪਸੂ ਚਰਾ ਰਿਹਾ ਸੀ, ਗੁਰੂ ਜੀ ਕੋਲ ਆ ਬੈਠਾ। ਕੀਰਤਨ ਸਰਵਣ ਕਰਨ ਉਪ੍ਰੰਤ ਉਸ ਨੇ ਗੁਰੂ ਜੀ ਅਤੇ ਮਰਦਾਨਾ ਜੀ ਨੂੰ ਦੁਧ ਦਾ ਭਰਿਆ ਗੜਵਾ ਭੇਟ ਕੀਤਾ।



ਪੁਰਾਤਨ ਪਿੰਡ ਕੱਬੂਨੰਗਲ

ਗੁਰੂ ਜੀ ਦੇ ਪੁੱਛਣ ਤੇ ਉਸ ਨੇ ਆਪਣਾ ਨਾਮ ਬੂੜਾ ਦਸਿਆ। ਉਸ ਦੀ ਸੇਵਾ ਭਗਤੀ ਵੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਅਸੀਸ ਦਿੰਦਿਆਂ ਕਿਹਾ, **ਜਿਉਂਦੇ ਰਹੋ, ਵੱਡੀ ਉਮਰ ਹੋਵੇ।** ਉਸ ਨੂੰ ਗੰਭੀਰ ਵੇਖ ਕੇ ਗੁਰੂ ਜੀ ਨੇ ਪੁਛਿਆ ਬੇਟਾ, ਤੁਸੀਂ ਕੀ ਚਾਹੁੰਦੇ ਹੋ? **"ਹੇ ਗੁਰੂ ਜੀ ! ਮੈਨੂੰ ਮੌਤ ਤੋਂ ਬਹੁਤ ਡਰ ਲਗਦਾ ਹੈ।**

ਇਸ ਲਈ ਮੈਂ ਜਨਮ ਮਰਨ ਤੋਂ ਮੁਕਤ ਹੋਣਾ ਲੋਚਦਾ ਹਾਂ ਮੌਤ ਦਾ ਕੀ ਭਰੋਸਾ ਕਦੋਂ ਆ ਜਾਵੇ।
ਗੁਰੂ ਜੀ ਨੇ ਕਿਹਾ, "ਫਿਰ ਵੀ ਤੂੰ ਕਿਸਮਤ ਵਾਲਾ ਹੈਂ, ਜੋ ਤੈਨੂੰ ਮੌਤ ਨੇੜੇ ਦਿਸਦੀ ਹੈ।"
ਬੂੜਾ ਬੋਲਿਆ, "ਜੀ ਅਸਾਂ ਮਿਹਨਤ ਨਾਲ ਫਸਲਾਂ ਬੀਜਿਆਂ, ਧਾੜਵੀ ਆਏ, ਉਹ ਪੱਕੀ ਫਸਲ ਵਢ ਕੇ ਨਾਲ ਲੈ ਗਏ, ਉੱਗੀ ਹੋਈ ਫਸਲ ਨੂੰ ਘੋੜਿਆਂ ਨੇ ਉਜਾੜ ਦਿੱਤਾ। ਸਭ ਕੁਝ ਬਰਬਾਦ ਕਰਕੇ ਚਲੇ ਗਏ। ਇਸ ਤਰ੍ਹਾਂ ਰੱਬ ਵੀ ਛੋਟਾ ਵੱਡਾ ਨਹੀਂ ਵੇਖਦਾ, ਜਦੋਂ ਮਰਜੀ ਆਵੇ ਲੈ ਜਾਂਦਾ ਹੈ। ਇਸ ਲਈ ਮੈਂ ਭੈ ਭੀਤ ਰਹਿਣ ਲੱਗ ਪਿਆ ਹਾਂ।"

ਗੁਰੂ ਜੀ ਨੇ ਉਸ ਨੂੰ ਮਹਾਨ ਪੁਰਸ਼ ਹੋਣ ਦਾ ਵਰ ਦਿੱਤਾ।
ਬੂੜੇ ਨੇ ਕਿਹਾ, "ਮੈਂ ਆਪਣੇ ਮਾਤਾ-ਪਿਤਾ ਜੀ ਨੂੰ ਨਾਲ ਲੈ ਕੇ ਆਪ ਜੀ ਕੋਲ ਜ਼ਰੂਰ ਆਵਾਂਗਾ।"



**ਘੁਮਾਣ (ਭਗਤ ਨਾਮਦੇਵ ਜੀ ਦਾ ਪ੍ਰਚਾਰ ਕੇਂਦਰ):-** ਗੁਰੂ ਜੀ ਸੰਗਤ ਸਮੇਤ **ਥੈਰ, ਦਿਨਕੇ, ਠਾਠਗੜ੍ਹ, ਕੋਟਲੀ ਚੋਗਾਵਾਂ, ਅਜਨਾਲਾ, ਸ਼ਾਹਪੁਰ, ਧਾਰੋਵਾਲੀ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦੇ ਹੋਏ ਘੁਮਾਣ ਪਹੁੰਚੇ। ਇਸ ਪਿੰਡ ਵਿੱਚ ਭਗਤ ਨਾਮਦੇਵ ਜੀ 20 ਸਾਲ ਰਹੇ ਕੇ ਰੂਹਾਨੀ ਸਤਿਸੰਗ ਕਰਦੇ ਰਹੇ। ਇਥੇ ਭਗਤ ਜੀ ਦਾ ਦੇਹੁਰਾ ਵੀ ਬਣਿਆ ਹੋਇਆ ਹੈ।

ਗੁਰੂ ਜੀ ਇਸ ਅਸਥਾਨ ਤੇ ਤਿੰਨ ਦਿਨ ਰਹੇ ਅਤੇ ਸੰਗਤ ਨੂੰ ਅਲਾਹੀ ਕੀਰਤਨ ਅਤੇ ਬਚਨਾਂ ਰਾਹੀਂ ਨਿਹਾਲ ਕਰਦੇ ਰਹੇ। ਇਥੋਂ ਤੁਰਨ ਤੋਂ ਪਹਿਲਾਂ ਗੁਰੂ ਜੀ ਨੇ ਭਗਤ ਜੀ ਦੇ ਬਾਣੀ ਅਪਣੀ ਪੋਥੀ ਵਿੱਚ ਦਰਜ ਕਰ ਲਈ।



ਗੁਰਦੁਆਰਾ ਭਗਤ ਨਾਮਦੇਵ ਜੀ, ਘੁਮਾਣ



## ਪੱਖੋਕੇ ਰਧਾਵੇ :

ਗੁਰੂ ਜੀ ਸੰਗਤ ਸਮੇਤ 8 ਕਿ.ਮੀ. ਤੁਰ ਕੇ ਪੱਖੋ ਕੇ ਰੰਧਾਵੇ ਆ ਗਏ। ਅਜਿਤੇ ਰੰਧਾਵੇ ਸਮੇਤ ਪਿੰਡ ਵਾਸੀਆਂ ਨੇ ਭਰਵਾਂ ਸਵਾਗਤ ਕੀਤਾ। ਗੁਰੂ ਜੀ ਨੇ ਆਪਣੇ ਸੱਸ-ਸੌਹਰੇ, ਸਾਹਿਬ ਦੇ ਚਰਨ ਸਪਰਸ਼ ਕੀਤੇ। ਆਪ ਜੀ ਦਾ ਪ੍ਰਵਾਰ ਜੋ ਕੁਝ ਦਿਨ ਪਹਿਲਾਂ ਇਥੇ ਆਇਆ ਹੋਇਆ ਸੀ ਵੀ ਬੜੇ ਹੀ ਚਾਵਾਂ ਨਾਲ ਮਿਲਿਆ।

ਵਿਚਾਰ ਗੋਸ਼ਟੀ ਵੇਲੇ ਸੰਗਤ ਨੇ ਪੁਛਿਆ, "ਹੇ ਗੁਰੂ ਜੀ, ਇਸ ਜੀਵਨ ਨੂੰ ਸਾਰਥਕ ਬਣਾਉਨ ਲਈ ਕਿਹੜਾ ਮਾਰਗ ਅਪਨਾਉਣਾ ਚਾਹੀਦਾ ਹੈ।

ਗੁਰੂਦੇਵ ਜੀ ਨੇ ਕਿਹਾ, **"ਧਰਮ ਅਤੇ ਪ੍ਰੇਮਾ ਭਗਤੀ ਦਾ ਮਾਰਗ ।** ਗ੍ਰਿਸਤ ਦੇ ਸਾਰੇ ਸੰਸਾਰੀ ਫਰਜ਼ ਨਿਭਾਉਂਦੇ ਹੋਏ, ਮਨ ਪ੍ਰਭੁ ਚਰਨਾਂ ਨਾਲ ਜੋੜਨਾ ਚਾਹੀਦਾ ਹੈ। ਇਸ ਵਿਧੀ ਨੂੰ **'ਸਹਿਜ ਯੋਗ'** ਦੀ ਵਿਧੀ ਆਖਦੇ ਹਨ। ਇਸ ਮਾਰਗ ਨੂੰ **'ਗਾਡੀ ਰਾਹ'** ਵੀ ਕਹਿੰਦੇ ਹਨ।"

ਨੋਟ:- (**ਗਾਡੀ ਰਾਹ:-** ਪੁਰਾਤਨ ਸਮਿਆਂ ਵਿੱਚ ਕੱਚੇ ਰਸਤੇ ਹੁੰਦੇ ਸਨ। ਇਨ੍ਹਾਂ ਰਸਤਿਆਂ ਉੱਤੇ ਦੋ ਪਹੀਆਂ ਵਾਲੀ ਲੱਕੜੀ ਦੀ ਬਣੀ ਹੋਈ ਸਵਾਰੀ (ਗੱਡਾ) ਚੱਲਿਆ ਕਰਦੀ ਸੀ ਜਿਸ ਨੂੰ ਖਿਚੱਣ ਲਈ ਦੋ ਪਸ਼ੂ (ਬਲਦ ਜਾਂ ਝੋਟੇ) ਉਸ ਗੱਡੇ ਦੇ ਅੱਗੇ ਜੋਤੇ ਜਾਂਦੇ ਸਨ। ਜਿਸ ਰਾਹ (ਰਸਤੇ) ਉੱਤੇ ਉਹ ਗੱਡਾ ਚਲਦਾ ਸੀ। ਉਹ ਹੀ ਸਭ ਦੇ ਚਲਨ ਵਾਸਤੇ ਸੁਖਾਵਾਂ ਰਸਤਾ ਹੁੰਦਾ ਸੀ। ਉਸੇ ਰਾਹ ਤੇ ਚੱਲਦਿਆਂ ਮਨੁੱਖ ਸਹਿਜੇ-ਸਹਿਜੇ ਭਲੀ ਭਾਂਤ ਆਪਣੀ ਮੰਜ਼ਿਲ ਤੇ ਪਹੁੰਚ ਜਾਂਦੇ ਸੀ। ਇਸੇ ਕਰਕੇ ਸਿਆਣੇ ਪੁਰਸ਼ ਆਖਦੇ ਹਨ, "ਹਰ ਮਨੁੱਖ ਨੂੰ ਜੀਵਨ ਵਿੱਚ ਗਾਡੀ ਰਾਹ ਤੇ ਹੀ ਚੱਲਣਾ ਚਾਹੀਦਾ ਹੈ।") ਤਾਂ ਜੋ ਜੀਵਨ ਪੰਧ ਸੁਖਾਲਾ ਨਿੱਬੜ ਜਾਵੇ।



ਪੁਰਾਤਨ ਦੇਸੀ ਗੱਡਾ



Sri Guru Nanak Dev Ji, reaching Pakho Ke after 4th Itinerary